17-JAN-PAGE-1.qxd 1/16/2024 10:21 PM Page 1

ਬੁੱਧਵਾਰ, 17 ਜਨਵਰੀ, 2024
4 ਮਾਘ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 228

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 17 JANUARY, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12

# 16 ਫਰਵਰੀ ਨੂੰ ਪੇਂਡੂ ਭਾਰਤ ਬੰਦ ਦਾ ਐਲਾਨ

## ਆਲ ਇੰਡੀਆ ਕਿਸਾਨ ਕਨਵੈਨਸ਼ਨ ਵੱਲੋਂ ਕਾਰਪੋਰੇਟ ਦਾ ਪੰਜਾ ਤੋੜਨ ਲਈ ਸੰਘਰਸ਼ ਹੋਰ ਤੇਜ਼ ਕਰਨ ਦਾ ਸੱਦਾ

**ਜਲੰਧਰ (ਕੇਸਰ)**

ਸੰਯੁਕਤ ਕਿਸਾਨ ਮੋਰਚਾ ਦੀ ਬਾਬਾ ਜਵਾਲਾ ਸਿੰਘ ਆਡੀਟੋਰੀਅਮ, ਦੇਸ਼ ਭਗਤ ਯਾਦਗਰ 'ਚ ਮੰਗਲਵਾਰ ਹੋਈ ਆਲ ਇੰਡੀਆ ਕਨਵੈਨਸ਼ਨ ਨੇ ਕਿਸਾਨਾਂ ਦੀ ਕਾਰਪੋਰੇਟ ਲੁੱਟ ਨੂੰ ਖਤਮ ਕਰਨ ਲਈ ਸੰਘਰਸ਼ ਤੇਜ਼ ਕਰਨ ਅਤੇ 16 ਫਰਵਰੀ ਨੂੰ ਪੂਰੇ ਭਾਰਤ ਵਿੱਚ ਗ੍ਰਾਮੀਣ (ਪੇਂਡੂ ਭਾਰਤ) ਬੰਦ ਅਤੇ ਵਿਸ਼ਾਲ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ।

ਕਨਵੈਨਸ਼ਨ ਕਿਸਾਨਾਂ, ਮਜ਼ਦੂਰਾਂ ਅਤੇ ਲੋਕਾਂ ਨੂੰ ਵੱਡੇ ਪੱਧਰ 'ਤੇ 26 ਜਨਵਰੀ ਗਣਤੰਤਰ ਦਿਵਸ ਮੌਕੇ ਟਰੈਕਟਰ/ਵਾਹਨ ਪਰੇਡ ਨੂੰ ਸਫਲ ਬਣਾਉਣ ਅਤੇ ਕਾਰਪੋਰੇਟ ਲੁੱਟ ਨੂੰ ਖਤਮ ਕਰਨ ਅਤੇ ਭਾਰਤ ਦੇ ਸੰਵਿਧਾਨ ਦੇ ਜਮਹੂਰੀ-ਸੈਕੂਲਰ-ਫੈਡਰਲ-ਸਮਾਜਵਾਦੀ ਸਿਧਾਂਤਾਂ ਨੂੰ ਬਚਾਉਣ ਦਾ ਸੱਦਾ ਦਿੱਤਾ।



ਕਨਵੈਨਸ਼ਨ ਨੇ ਖੇਤੀ ਸੰਕਟ ਦੇ ਹੱਲ ਅਤੇ ਖੇਤੀ ਅਧਾਰਤ ਸਨਅਤੀ ਵਿਕਾਸ ਲਈ ਬਦਲਵੀਂ ਨੀਤੀ ਅਪਨਾਉਣ ਲਈ ਸਰਕਾਰ 'ਤੇ ਦਬਾਅ ਬਣਾਉਣ ਬਾਰੇ ਘੋਸ਼ਣਾ ਪੱਤਰ ਅਪਣਾਇਆ। ਘੋਸ਼ਣਾ ਪੱਤਰ ਵਿੱਚ ਭਾਰਤ ਭਰ ਦੇ ਕਿਸਾਨਾਂ ਨੂੰ ਕੇਂਦਰ ਦੀ ਕਾਰਪੋਰੇਟ ਪੱਖੀ ਅਤੇ ਕਿਸਾਨ ਵਿਰੋਧੀ ਭਾਜਪਾ ਸਰਕਾਰ ਨੂੰ ਸਜ਼ਾ ਦੇਣ ਦੀ ਅਪੀਲ ਕੀਤੀ ਗਈ, ਜਿਸ ਨੇ ਕਿਸਾਨਾਂ ਦੀ ਆਰਥਿਕ ਹਾਲਤ ਨੂੰ ਜਾਣਬੁੱਝ ਕੇ ਵਿਗਾੜਨ ਲਈ ਨੀਤੀਆਂ ਬਣਾਈਆਂ ਅਤੇ ਲਾਗੂ ਕੀਤੀਆਂ ਹਨ, ਤਾਂ ਜੋ ਕਿਸਾਨਾਂ ਦੀਆਂ ਜ਼ਮੀਨਾਂ ਹੜੱਪੀਆਂ ਅਤੇ ਉਨ੍ਹਾਂ ਨੂੰ ਖੇਤੀ ਵਿੱਚੋਂ ਬਾਹਰ ਕੀਤਾ ਜਾ ਸਕੇ। ਕਾਰਪੋਰੇਟ, ਜੋ ਕਿ ਫਸਲਾਂ ਦੀ ਪੈਦਾਵਾਰ ਅਤੇ ਖੁਰਾਕ ਸਪਲਾਈ ਲੜੀ 'ਤੇ ਕਬਜ਼ਾ ਕਰ ਸਕਦੇ ਹਨ ਅਤੇ ਮੁਨਾਫਾਖੋਰੀ ਅਤੇ ਆਮ ਲੋਕਾਂ 'ਤੇ ਹੋਰ ਜ਼ੁਲਮ ਕਰਨ ਲਈ ਇਸ ਦਾ ਏਕਾਧਿਕਾਰ ਕਰ ਸਕਦੇ ਹਨ।


ਘੋਸ਼ਣਾ ਪੱਤਰ ਵਿੱਚ ਜਨਤਕ ਨਿਵੇਸ਼, ਸਹਿਕਾਰਤਾ ਅਤੇ ਹੋਰ ਲੋਕ ਕੇਂਦਰਤ ਵਿਕਾਸ ਮਾਡਲਾਂ ਲਈ ਸੰਘਰਸ਼ ਤੇਜ਼ ਕਰਨ ਦਾ ਪ੍ਰਣ ਕਰਦੇ ਹੋਏ ਕਾਰਪੋਰੇਟ ਅਜਾਰੇਦਾਰਾਂ ਦੇ ਜ਼ਬਰਦਸਤ ਪੰਜੇ ਵਿੱਚੋਂ ਖੇਤੀਬਾੜੀ ਅਤੇ ਖੇਤੀ ਅਧਾਰਤ ਉਦਯੋਗਿਕ ਵਿਕਾਸ ਦੀ ਥਾਂ ਇੱਕ ਬਦਲਵੀਂ ਨੀਤੀ ਦੀ ਮੰਗ ਕੀਤੀ ਗਈ, ਤਾਂ ਜੋ ਕਿਸਾਨਾਂ ਨੂੰ ਐੱਮ ਐੱਸ ਪੀ ਦਾ ਕਾਨੂੰਨੀ ਅਧਿਕਾਰ ਅਤੇ ਲਾਹੇਵੰਦ ਭਾਅ ਮਿਲ ਸਕੇ, ਮਜ਼ਦੂਰਾਂ ਨੂੰ ਸਨਮਾਨਜਨਕ ਜੀਵਨ ਅਤੇ ਸਮਾਜਿਕ ਜੀਵਨ ਲਈ ਉਜਰਤਾਂ ਮਿਲ ਸਕਣ। ਸਾਰੇ ਵਰਗਾਂ ਦੇ ਲੋਕਾਂ ਲਈ ਪੈਨਸ਼ਨ ਸਮੇਤ ਸੁਰੱਖਿਆ ਪ੍ਰਾਪਤ ਕੀਤੀ ਜਾ ਸਕੇ।

ਕਨਵੈਨਸ਼ਨ ਨੇ ਐਲਾਨਿਆ ਕਿ ਸਰਕਾਰ ਜਦੋਂ ਤੱਕ ਮੰਗਾਂ ਪੂਰੀਆਂ ਨਹੀਂ ਕਰਦੀ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਮੰਗਾਂ 'ਚ ਸ਼ਾਮਲ ਹਨ—

ਗਾਰੰਟੀਸ਼ੁਦਾ ਖਰੀਦ ਨਾਲ ਸਾਰੀਆਂ ਫਸਲਾਂ ਲਈ 2+50 ਫੀਸਦੀ, ਕੇਂਦਰੀ ਗ੍ਰਹਿ ਮੰਤਰੀ ਅਜੈ ਮਿਸ਼ਰਾ ਟੈਨੀ ਦੀ ਬਰਖਾਸਤਗੀ ਅਤੇ ਲਖੀਮਪੁਰ ਖੀਰੀ ਕਾਂਡ ਵਿੱਚ ਉਸ ਦੀ ਭੂਮਿਕਾ ਨੂੰ ਲੈ ਕੇ ਕੇਸ ਦਰਜ ਕਰਨ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ 'ਤੇ ਲੀਕ ਮਾਰਨ, ਜਨਤਕ ਖੇਤਰ ਵਿੱਚ ਕਿਸਾਨ ਪੱਖੀ ਵਿਆਪਕ ਫਸਲ ਬੀਮਾ ਯੋਜਨਾ ਲਾਗੂ ਕਰਨ, ਮਜ਼ਦੂਰਾਂ ਲਈ ਘੱਟੋ-ਘੱਟ ਉਜਰਤ 26,000 ਰੁਪਏ ਪ੍ਰਤੀ ਮਹੀਨਾ ਕਰਨੀ, 4 ਲੇਬਰ ਕੋਡ ਨੂੰ ਰੱਦ ਕਰਨਾ, ਬੁਨਿਆਦੀ ਅਧਿਕਾਰ ਵਜੋਂ ਰੁਜ਼ਗਾਰ ਦੀ ਗਾਰੰਟੀ। ਰੇਲਵੇ,

● ਬਾਕੀ ਸਫ਼ਾ 2 'ਤੇ

## ਕਾਮਰੇਡ ਨਛੱਤਰ ਪਾਲ ਸਿੰਘ ਦੇ ਜਾਣ ਨਾਲ ਕੀਮਤੀ ਸਰਮਾਇਆ ਚਲੇ ਗਿਆ : ਬਰਾੜ



**ਹੁਸ਼ਿਆਰਪੁਰ** : ਕਾਮਰੇਡ ਨਛੱਤਰ ਪਾਲ ਸਿੰਘ ਸੰਧੂ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਪਹਿਲਾਂ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਫਿਰ ਕੀਰਤਨ ਹੋਇਆ।ਇਸ ਮੌਕੇ ਸ਼ਰਧਾਂਜਲੀ ਅਰਪਿਤ ਕਰਦਿਆਂ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਕਾਮਰੇਡ ਨਛੱਤਰ ਪਾਲ ਸਿੰਘ ਨੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਵੀ ਸਰਗਰਮੀ ਨਾਲ ਹਿੱਸਾ ਲਿਆ।ਜੇਲ੍ਹ ਕੱਟੀ ਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਕਾਂਗਰਸ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਵਿਰੁੱਧ ਵੀ ਸਿਰੜੀ ਸੰਘਰਸ਼ ਲੜਿਆ ਤੇ ਕਈ ਵਾਰ ਜੇਲ੍ਹ ਯਾਤਰਾ ਕੀਤੀ।ਜੇਲ੍ਹ ਅਧਿਕਾਰੀਆਂ ਦਾ ਤਸ਼ੱਦਦ ਵੀ ਝੱਲਿਆ।ਲੰਮੀਆਂ ਭੁੱਖ ਹੜਤਾਲਾਂ ਵੀ ਕੀਤੀਆਂ।ਇੱਕ ਵਾਰ ਤਾਂ ਉਹ ਜਲੰਧਰ ਦੀ ਜੇਲ੍ਹ ਵਿੱਚ ਭੁੱਖ ਹੜਤਾਲ ਦੌਰਾਨ ਬੇਹੋਸ਼ ਹੋ ਗਏ ਸਨ। ਇੱਕ ਚੰਗੇ ਕਿਸਾਨ ਹੁੰਦੇ ਹੋਇਆਂ ਵੀ ਉਨ੍ਹਾ ਸਾਰੀ ਉਮਰ ਖੇਤ ਮਜ਼ਦੂਰ ਫਰੰਟ 'ਤੇ ਕੰਮ ਕੀਤਾ। ਬਰਾੜ ਨੇ ਕਿਹਾ ਸਾਡੇ ਕੋਲੋਂ ਬਹੁਤ ਕੀਮਤੀ ਸਰਮਾਇਆ ਚਲੇ ਗਿਆ ਹੈ। ਉਹ ਉੱਚ ਕੋਟੀ ਦੇ ਮਾਰਕਸਵਾਦੀ ਅਧਿਆਪਕ ਸਨ। ਉਨ੍ਹਾ ਦੀ ਮੌਤ ਨਾਲ ਨਛੱਤਰ ਪਾਲ ਸਿੰਘ ਦੇ ਪਰਵਾਰ ਨੂੰ ਤਾਂ ਘਾਟਾ ਪਿਆ ਹੀ ਪਿਆ ਹੈ, ਪਾਰਟੀ ਨੂੰ ਵੀ ਬੜਾ ਘਾਟਾ ਪਿਆ ਹੈ। ਨਛੱਤਰ ਪਾਲ ਸਿੰਘ ਪਾਰਟੀ ਦੇ ਥੰਮ੍ਹ ਸਨ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ

● ਬਾਕੀ ਸਫ਼ਾ 2 'ਤੇ

## ਅਖੌਤੀ ਲੀਡਰਾਂ ਨੂੰ ਸੱਤਾ ਤੋਂ ਦੂਰ ਕਰਕੇ ਲੋਕਤੰਤਰ ਨੂੰ ਬਚਾਇਆ ਜਾ ਸਕਦੈ : ਅਰਸ਼ੀ

**ਤਲਵੰਡੀ ਸਾਬੋ (ਜਗਦੀਪ ਗਿੱਲ)**

ਨੌਜਵਾਨੀ ਨੂੰ ਰੁਜ਼ਗਾਰ ਦੇਣ ਤੇ ਕਿਸਾਨਾਂ, ਮਜ਼ਦੂਰਾਂ ਨੂੰ ਕਰਜ਼ਾ ਮੁਕਤ ਕਰਨ ਆਦਿ ਦੇ ਵਾਅਦੇ ਕਰਕੇ ਸੱਤਾ 'ਤੇ ਕਾਬਜ਼ ਹੋਣ ਵਾਲੇ ਅਖੌਤੀ ਲੀਡਰਾਂ ਨੇ ਦੇਸ਼ ਨੂੰ ਫਿਰਕਾਪ੍ਰਸਤੀ ਦੀ ਅੱਗ ਵਿੱਚ ਝੋਕ ਕੇ ਭਾਈਚਾਰਕ ਸਾਂਝ ਨੂੰ ਤੋੜਿਆ ਹੈ ਅਤੇ ਸੰਵਿਧਾਨ ਦੀ ਮਰਿਆਦਾ ਨੂੰ ਵੀ ਭੰਗ ਕੀਤਾ ਜਾ ਰਿਹਾ ਹੈ। ਅਜਿਹੇ ਹਾਲਾਤ ਤੇ ਅਜੋਕੇ ਦੌਰ ਸਮੇਂ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਅਖੌਤੀ ਲੋਕਾਂ ਨੂੰ ਸੱਤਾ ਤੋਂ ਦੂਰ ਕਰਕੇ

● ਬਾਕੀ ਸਫ਼ਾ 2 'ਤੇ



## ਨਸ਼ਿਆਂ ਖ਼ਿਲਾਫ਼ ਖੇਡਾਂ ਸਭ ਤੋਂ ਕਾਰਗਰ ਹਥਿਆਰ : ਮੁੱਖ ਮੰਤਰੀ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਖਿਆ ਹੈ ਕਿ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨਾ ਨਸ਼ਿਆਂ ਵਿਰੁੱਧ ਸੂਬਾ ਸਰਕਾਰ ਦੀ ਲੜਾਈ ਵਿੱਚ ਸਭ ਤੋਂ ਕਾਰਗਰ ਹਥਿਆਰ ਸਾਬਤ ਹੋ ਸਕਦਾ ਹੈ।ਇੱਥੇ ਮਿਊਂਸਪਲ ਭਵਨ ਵਿੱਚ ਏਸ਼ੀਆਈ ਤੇ ਕੌਮੀ ਖੇਡਾਂ ਦੇ 168 ਤਮਗਾ ਜੇਤੂਆਂ ਨੂੰ 33.83 ਕਰੋੜ ਰੁਪਏ ਦੇ ਨਕਦ ਇਨਾਮ ਤਕਸੀਮ ਕਰਨ ਲਈ ਕਰਵਾਏ ਸਮਾਰੋਹ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਖੇਡਾਂ ਨੂੰ ਉਤਸ਼ਾਹਤ ਕਰਨ ਨਾਲ ਨੌਜਵਾਨਾਂ ਦੀ ਅਣਵਰਤੀ ਊਰਜਾ ਖੇਡਾਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਪਾਸੇ ਵਰਤੀ ਜਾ ਰਹੀ ਹੈ। ਖੇਡਾਂ ਵਿੱਚ ਸ਼ਾਮਲ ਨੌਜਵਾਨਾਂ ਕੋਲ ਨਸ਼ਿਆਂ ਵਾਲੇ ਪਾਸੇ ਝਾਕਣ ਲਈ ਸਮਾਂ ਹੀ ਨਹੀਂ ਬਚਦਾ, ਕਿਉਂਕਿ ਉਨ੍ਹਾਂ ਦਾ ਸਾਰਾ ਧਿਆਨ ਆਪੋ-ਆਪਣੇ ਖ਼ੇਤਰਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵੱਲ ਹੁੰਦਾ ਹੈ। ਮਾਨ ਨੇ ਉਮੀਦ ਜਤਾਈ ਕਿ ਇਸ ਨਾਲ ਪੰਜਾਬ ਵਿੱਚੋਂ ਨਸ਼ਿਆਂ ਦੇ ਸਰਾਪ ਤੋਂ ਮੁਕਤੀ ਦਾ ਰਾਹ ਪੱਧਰਾ ਹੋਵੇਗਾ ਅਤੇ ਨੌਜਵਾਨ ਪੰਜਾਬ ਦੇ ਸਮਾਜਿਕ-ਆਰਥਿਕ

● ਬਾਕੀ ਸਫ਼ਾ 2 'ਤੇ

## ਨਿਹੰਗ ਨੇ ਬੇਅਦਬੀ ਦੇ ਸ਼ੱਕ 'ਚ ਨੌਜਵਾਨ ਵੱਢ'ਤਾ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ, ਡਾ ਰਮਨ, ਜਸਵਿੰਦਰ ਢੱਡਾ)**



ਨਿਹੰਗ ਰਮਨਦੀਪ ਸਿੰਘ ਨੇ ਮੰਗਲਵਾਰ ਵੱਡੇ ਤੜਕੇ ਬੇਅਦਬੀ ਦੇ ਸ਼ੱਕ ਵਿਚ ਗੁਰਦੁਆਰਾ ਚੌੜਾ ਖੂਹ ਵਿਖੇ ਅਣਪਛਾਤੇ ਨੌਜਵਾਨ ਦੀ ਹੱਤਿਆ ਕਰ ਦਿੱਤੀ। ਵਾਰਦਾਤ ਸਵਾ ਤਿੰਨ ਵਜੇ ਵਾਪਰੀ ਤੇ ਪੁਲਸ ਨੇ 35 ਸਾਲਾ ਨੌਜਵਾਨ ਦੀ ਲਾਸ਼ ਸਵੇਰੇ ਕਰੀਬ ਸਵਾ 10 ਵਜੇ ਗੁਰਦੁਆਰਾ ਕੰਪਲੈਕਸ ਦੇ ਵਾਸ਼ਰੂਮ ਤੋਂ ਬਰਾਮਦ ਕੀਤੀ। ਕਤਲ ਤੋਂ ਪਹਿਲਾਂ ਨਿਹੰਗ ਨੇ ਨੌਜਵਾਨ ਦੀ ਵੀਡੀਓ ਬਣਾਈ, ਜਿਸ ਮੁਤਾਬਕ ਉਸ ਨੂੰ ਕਿਸੇ ਨੇ ਬੇਅਦਬੀ ਲਈ

● ਬਾਕੀ ਸਫ਼ਾ 2 'ਤੇ

## ਅਯੁੱਧਿਆ ਦਾ ਸਮਾਗਮ ਅਸਲ 'ਚ ਮੋਦੀ ਤੇ ਆਰ ਐੱਸ ਐੱਸ ਦਾ : ਰਾਹੁਲ

**ਕੋਹੀਮਾ** : ਰਾਹੁਲ ਗਾਂਧੀ ਨੇ ਮੰਗਲਵਾਰ ਇੱਥੇ ਕਿਹਾ ਕਿ 22 ਜਨਵਰੀ ਨੂੰ ਅਯੁੱਧਿਆ ਵਿਚ ਹੋਣ ਵਾਲਾ ਰਾਮ ਲਲਾ ਦੀ ਪ੍ਰਾਣ ਪ੍ਰਤਿਸ਼ਠਾ ਦਾ ਪ੍ਰੋਗਰਾਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਆਰ ਐੱਸ ਐੱਸ ਦਾ ਫੰਕਸ਼ਨ ਹੈ, ਇਸ ਨੂੰ ਪੂਰੀ ਤਰ੍ਹਾਂ ਚੁਣਾਵੀ ਰੰਗ ਦੇ ਦਿੱਤਾ ਗਿਆ ਹੈ। 'ਭਾਰਤ ਜੋੜੋ ਨਿਆਏ ਯਾਤਰਾ' ਦੇ ਤੀਜੇ ਦਿਨ ਰਾਹੁਲ ਨੇ ਕਿਹਾ—22 ਜਨਵਰੀ ਦਾ ਪ੍ਰੋਗਰਾਮ ਸਿਆਸੀ ਪ੍ਰੋਗਰਾਮ ਬਣ ਗਿਆ ਹੈ। ਹਿੰਦੂ ਧਰਮ ਦੇ ਜਿਹੜੇ ਆਗੂ ਹਨ, ਉਨ੍ਹਾਂ ਵੀ ਕਿਹਾ ਹੈ ਕਿ ਉਹ ਇਸ ਸਿਆਸੀ ਪ੍ਰੋਗਰਾਮ ਵਿਚ ਨਹੀਂ ਜਾ ਸਕਣਗੇ। ਸਿਆਸੀ ਪ੍ਰੋਗਰਾਮ ਬਣਾ ਦਿੱਤੇ

● ਬਾਕੀ ਸਫ਼ਾ 2 'ਤੇ

## ਸ਼ਰਮੀਲਾ ਨੂੰ ਬਣਾਇਆ ਆਂਧਰਾ ਕਾਂਗਰਸ ਦਾ ਪ੍ਰਧਾਨ



**ਨਵੀਂ ਦਿੱਲੀ** : ਕਾਂਗਰਸ ਨੇ ਮੰਗਲਵਾਰ ਮਰਹੂਮ ਮੁੱਖ ਮੰਤਰੀ ਵਾਈ ਐੱਸ ਰਾਜਸ਼ੇਖਰ ਰੈਡੀ ਦੀ ਧੀ ਵਾਈ ਐੱਸ ਸ਼ਰਮੀਲਾ ਨੂੰ ਆਂਧਰਾ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਸ਼ਰਮੀਲਾ ਸੂਬੇ ਦੇ ਮੁੱਖ ਮੰਤਰੀ ਵਾਈ ਐੱਸ ਜਗਨ ਮੋਹਨ ਰੈਡੀ ਦੀ ਭੈਣ ਹੈ ਤੇ ਚਾਰ ਜਨਵਰੀ ਨੂੰ ਹੀ ਕਾਂਗਰਸ ਵਿਚ ਸ਼ਾਮਲ ਹੋਈ ਸੀ। ਇਸ ਤੋਂ ਪਹਿਲੇ ਪ੍ਰਧਾਨ ਗਿਡਗੂ ਰੁਦਰਾ ਰਾਜੂ ਨੂੰ ਕਾਂਗਰਸ ਵਰਕਿੰਗ ਕਮੇਟੀ ਦਾ ਸਪੈਸ਼ਲ ਇਨਵਾਇਟੀ ਬਣਾਇਆ ਗਿਆ ਹੈ।

## ਸ਼ਾਹੀ ਈਦਗਾਹ ਮਸਜਿਦ ਦੇ ਸਰਵੇਖਣ 'ਤੇ ਰੋਕ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮਥੁਰਾ 'ਚ ਕ੍ਰਿਸ਼ਨ ਜਨਮ ਭੂਮੀ ਦੇ ਨਾਲ ਲੱਗਦੀ ਸ਼ਾਹੀ ਈਦਗਾਹ ਮਸਜਿਦ ਦੇ ਸਰਵੇਖਣ ਦੀ ਇਜਾਜ਼ਤ ਦੇਣ ਵਾਲੇ ਅਲਾਹਾਬਾਦ ਹਾਈ ਕੋਰਟ ਦੇ ਆਦੇਸ਼ ਉੱਤੇ ਮੰਗਲਵਾਰ ਰੋਕ ਲਗਾ ਦਿੱਤੀ। ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਦੀਪਾਂਕਰ ਦੱਤਾ ਦੀ ਬੈਂਚ ਨੇ 14 ਦਸੰਬਰ 2023 ਦੇ ਹੁਕਮ ਨੂੰ ਲਾਗੂ ਕਰਨ 'ਤੇ ਰੋਕ ਲਗਾਈ ਹੈ, ਜਿਸ 'ਚ ਮਸਜਿਦ ਕੰਪਲੈਕਸ ਦਾ ਅਦਾਲਤੀ ਨਿਗਰਾਨੀ ਹੇਠ ਸਰਵੇਖਣ ਕਰਨ ਲਈ ਸਹਿਮਤੀ ਦਿੱਤੀ ਗਈ ਸੀ। ਹਿੰਦੂ ਪੱਖ ਦਾ ਦਾਅਵਾ ਹੈ ਕਿ ਮਸਜਿਦ ਕੰਪਲੈਕਸ 'ਚ ਅਜਿਹੇ ਚਿੰਨ੍ਹ ਹਨ, ਜੋ ਦਰਸਾਉਂਦੇ ਹਨ ਕਿ ਇਹ ਕਦੇ ਮੰਦਰ ਸੀ। ਬੈਂਚ ਨੇ ਸਰਵੇਖਣ ਲਈ ਕੋਰਟ ਕਮਿਸ਼ਨਰ ਦੀ ਨਿਯੁਕਤੀ ਲਈ ਹਾਈ ਕੋਰਟ 'ਚ ਦਾਖਲ ਕੀਤੀ ਗਈ ਅਸਪੱਸ਼ਟ ਅਰਜ਼ੀ 'ਤੇ ਕੁਝ ਕਾਨੂੰਨੀ ਸਵਾਲ ਖੜ੍ਹੇ ਕੀਤੇ ਹਨ। ਬੈਂਚ ਨੇ ਭਗਵਾਨ ਸ੍ਰੀ ਕ੍ਰਿਸ਼ਨ ਵਿਰਾਜਮਾਨ ਤੇ ਹੋਰਨਾਂ ਹਿੰਦੂ ਸੰਸਥਾਵਾਂ ਵੱਲੋਂ ਪੇਸ਼ ਹੋਏ ਵਕੀਲ ਸ਼ਿਆਮ ਦੀਵਾਨ ਨੂੰ ਕਿਹਾ ਕਿ ਤੁਸੀਂ ਕੋਰਟ ਕਮਿਸ਼ਨਰ ਦੀ ਨਿਯੁਕਤੀ ਲਈ ਅਸਪੱਸ਼ਟ ਅਰਜ਼ੀ ਨਹੀਂ ਦੇ ਸਕਦੇ। ਇਹ ਸਪੱਸ਼ਟ ਹੋਣੀ ਚਾਹੀਦੀ ਹੈ। ਤੁਸੀਂ ਹਰ ਚੀਜ਼ ਨੂੰ ਘੋਖਣ ਦੀ ਜ਼ਿੰਮੇਵਾਰੀ ਅਦਾਲਤ 'ਤੇ ਨਹੀਂ ਸੁੱਟ ਸਕਦੇ।

## ਅੱਜ-ਨਾਮਾ

ਕੀਤਾ ਏਕਾ ਕਿਸਾਨਾਂ ਦਿਆਂ ਆਗੂਆਂ ਨੇ,
ਖੱਪਾ ਪਾਟਕ ਦਾ ਲਿਆ ਕੁਝ ਭਰ ਮੀਆਂ।
ਕੁਝ-ਕੁਝ ਅੰਦਰ ਦੀ ਰਹੂ ਜੇ ਖਹਿਬਾਜ਼ੀ,
ਉਹ ਸਭ ਅੰਦਰ ਹੀ ਲੈਣਗੇ ਜਰ ਮੀਆਂ।
ਆਪਸੀ ਕਿੜਾਂ ਵੀ ਛੱਡ ਕੇ ਜ਼ੋਰ ਲਾਉਣਾ,
ਰੁਖ ਜਿਹਾ ਦਿੱਲੀ ਦਾ ਲੈਣਗੇ ਕਰ ਮੀਆਂ।
ਜਿੱਤੀ ਪਈ ਜਿੰਨੀ ਪ੍ਰਾਪਤੀ ਭੁੱਲ ਗਏ ਸੀ,
ਮੁੜ ਕੇ ਜਿੱਤਣ ਦੇ ਖੁੱਲ੍ਹਣਗੇ ਦਰ ਮੀਆਂ।
ਤਦ ਵੀ ਖੜ੍ਹਾ ਖਤਰਾ ਅਜੇ ਸਿਰਾਂ ਉੱਪਰ,
ਵਿਰੋਧੀ ਲੈਣ ਨਾ ਲੱਭ ਕੋਈ ਰਾਹ ਮੀਆਂ।
ਰਹਿਣਾ ਚੌਕਸ ਫਿਰ ਪਊਗਾ ਲੀਡਰਾਂ ਨੂੰ,
ਵਿੱਚੋਂ ਲਾਵੇ ਨਹੀਂ ਕੋਈ ਵੀ ਢਾਹ ਮੀਆਂ।

-ਤੀਸ ਮਾਰ ਖਾਂ

## ਰਾਮਾਸਵਾਮੀ ਨੇ ਹੱਥ ਖੜ੍ਹੇ ਕੀਤੇ

**ਡੈਸ ਮੋਇਨੇਸ** : ਅਮਰੀਕੀ ਉਦਯੋਗਪਤੀ ਵਿਵੇਕ ਰਾਮਾਸਵਾਮੀ ਨੇ ਐਲਾਨ ਕੀਤਾ ਕਿ ਉਹ ਆਇਓਵਾ ਕਾਕਸ 'ਚ



ਨਿਰਾਸ਼ਾਜਨਕ ਪ੍ਰਦਰਸ਼ਨ ਤੋਂ ਬਾਅਦ 2024 ਦੀਆਂ ਰਾਸ਼ਟਰਪਤੀ ਚੋਣਾਂ 'ਚ ਰਿਪਬਲਿਕਨ ਪਾਰਟੀ ਦਾ ਉਮੀਦਵਾਰ ਬਣਨ ਦੀ ਦੌੜ ਤੋਂ ਹਟ ਰਹੇ ਹਨ। ਆਇਓਵਾ ਕਾਕਸ 'ਚ ਵੋਟਿੰਗ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਦੀ ਚੋਣ ਲਈ ਰਿਪਬਲਿਕਨ ਅਤੇ ਡੈਮੋਕਰੇਟਿਕ ਪਾਰਟੀਆਂ ਵਿਚਕਾਰ ਲੰਮੀ ਪ੍ਰਕਿਰਿਆ ਦੀ ਸ਼ੁਰੂਆਤ ਹੈ। ਬਾਇਓਟੈੱਕ ਉਦਯੋਗਪਤੀ ਰਾਮਾਸਵਾਮੀ (38) ਨੇ ਆਪਣੇ ਵਿਰੋਧੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਮਰਥਨ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਉਨ੍ਹਾ ਟਰੰਪ ਨੂੰ 21ਵੀਂ ਸਦੀ ਦਾ ਸਰਵੋਤਮ ਰਾਸ਼ਟਰਪਤੀ ਦੱਸਿਆ ਸੀ।






# ਭਗਵੰਤ ਸਿੰਘ ਮਾਨ

ਮੁੱਖ ਮੰਤਰੀ, ਪੰਜਾਬ

ਵੱਲੋਂ

ਆਪ ਸਭ ਨੂੰ

ਖ਼ਾਲਸਾ ਪੰਥ ਦੇ ਸਿਰਜਣਹਾਰ, ਸੰਤ-ਸਿਪਾਹੀ

ਦਸਮੇਸ਼ ਪਿਤਾ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ

## 357ਵੇਂ

## ਪ੍ਰਕਾਸ਼ ਪੁਰਬ

ਦੀਆਂ ਲੱਖ-ਲੱਖ ਵਧਾਈਆਂ





**ਭਗਵੰਤ ਸਿੰਘ ਮਾਨ**

ਮੁੱਖ ਮੰਤਰੀ, ਪੰਜਾਬ

**ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ**

ਨਵਾਂ ਜ਼ਮਾਨਾ
ਬੁੱਧਵਾਰ, 17 ਜਨਵਰੀ 2024

# ਮਨੀਪੁਰ ਨੂੰ ਦਿਲਾਸਾ

*ਕਾਂਗਰਸੀ ਆਗੂ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਨਿਆਏ ਯਾਤਰਾ' ਮਨੀਪੁਰ ਵਿੱਚ ਦੋ ਦਿਨ ਬਿਤਾਉਣ ਤੋਂ ਬਾਅਦ ਸੋਮਵਾਰ ਨਾਗਾਲੈਂਡ ਵਿੱਚ ਦਾਖ਼ਲ ਹੋ ਗਈ ਸੀ। ਸਵਾਲ ਉੱਠਦਾ ਹੈ ਕਿ ਪਿਛਲੇ 8 ਮਹੀਨਿਆਂ ਤੋਂ ਸੜ ਰਹੇ ਮਨੀਪੁਰ ਨੂੰ ਇਸ ਯਾਤਰਾ ਦਾ ਕੋਈ ਲਾਭ ਹੋਵੇਗਾ?*

*14 ਜਨਵਰੀ ਨੂੰ ਮਕਰ ਸਕਰਾਂਤੀ ਦੇ ਦਿਨ ਰਾਹੁਲ ਗਾਂਧੀ ਨੇ ਆਪਣੀ ਯਾਤਰਾ ਮਨੀਪੁਰ ਦੇ ਥੋਬਲ ਤੋਂ ਸ਼ੁਰੂ ਕੀਤੀ ਸੀ। ਇਸ ਯਾਤਰਾ ਨੂੰ ਕਾਮਯਾਬ ਕਰਨ ਲਈ ਕਾਂਗਰਸ ਨੇ ਪਹਿਲੇ ਦਿਨ ਆਪਣੀ ਪੂਰੀ ਤਾਕਤ ਲਾ ਦਿੱਤੀ ਸੀ। ਦਿੱਲੀ ਤੋਂ ਇੰਡੀਗੋ ਦੀ ਇੱਕ ਪੂਰੀ ਫਲਾਈਟ ਬੁੱਕ ਕਰਾ ਕੇ ਕਾਂਗਰਸ ਦੇ 200 ਆਗੂ ਮਨੀਪੁਰ ਪੁੱਜੇ ਸਨ। ਇਨ੍ਹਾਂ ਵਿੱਚ ਕਾਂਗਰਸ ਕਾਰਜਕਾਰਨੀ ਦੇ ਸਮੂਹ ਮੈਂਬਰ, ਜਨਰਲ ਸਕੱਤਰ, ਕਾਂਗਰਸ ਪ੍ਰਧਾਨ, ਤਿੰਨਾਂ ਰਾਜਾਂ ਦੇ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਸਭ ਰਾਜਾਂ ਦੇ ਕਾਂਗਰਸ ਪ੍ਰਧਾਨ ਤੇ ਵਿਧਾਇਕ ਦਲਾਂ ਦੇ ਮੁਖੀ ਸ਼ਾਮਲ ਸਨ। ਸਾਰੇ ਆਗੂਆਂ ਨੇ ਇੱਕ ਸਾਥ ਮੰਚ ਉੱਤੇ ਬਹਿ ਕੇ ਮਨੀਪੁਰ ਦੇ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਇਸ ਦੁੱਖ ਦੀ ਘੜੀ 'ਚ ਪੂਰੀ ਕਾਂਗਰਸ ਉਨ੍ਹਾਂ ਨਾਲ ਹੈ। ਏਨੇ ਆਗੂਆਂ ਨੂੰ ਦੇਖ ਕੇ ਮਨੀਪੁਰ ਦੇ ਲੋਕ ਹੈਰਾਨ ਸਨ ਕਿ ਜਿੱਥੇ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਬਾਹਰਲੇ ਲੋਕਾਂ ਦੇ ਆਉਣ ਦੀ ਮਨਾਹੀ ਹੈ, ਉਥੇ ਸਾਰੀ ਕਾਂਗਰਸ ਹੀ ਉੱਠ ਕੇ ਆ ਗਈ ਹੈ। ਰੈਲੀ ਤੋਂ ਬਾਅਦ ਰਾਹੁਲ ਗਾਂਧੀ ਬੱਸ ਰਾਹੀਂ ਯਾਤਰਾ ਉੱਤੇ ਨਿਕਲ ਪਏ।*


*ਰਾਹੁਲ ਗਾਂਧੀ ਦੀ ਯਾਤਰਾ ਜਿਸ ਰਾਹ ਤੋਂ ਗੁਜ਼ਰੀ, ਉਸ ਰਾਹ ਦੇ ਦੋਹੀਂ ਪਾਸੀਂ ਪੁਰਸ਼, ਔਰਤਾਂ ਤੇ ਬੱਚੇ ਰਾਹੁਲ ਗਾਂਧੀ ਦੇ ਕਾਫ਼ਲੇ ਉੱਤੇ ਫੁੱਲਾਂ ਦੀ ਵਰਖਾ ਕਰਦੇ ਰਹੇ। ਹਨੇਰਾ ਹੋਣ ਸਮੇਂ ਲੋਕ ਮਸ਼ਾਲ ਜਗਾ ਕੇ ਯਾਤਰਾ ਦਾ ਸਵਾਗਤ ਕਰ ਰਹੇ ਸਨ। ਰਾਹੁਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਾਂਗਰਸ 8 ਮਹੀਨੇ ਤੋਂ ਮਨੀਪੁਰ ਨਾਲ ਜੋ ਅਨਿਆਂ ਹੋ ਰਿਹਾ ਹੈ, ਉਸ ਨੂੰ ਦੂਰ ਕਰਕੇ ਮਨੀਪੁਰ ਨੂੰ ਨਿਆਂ ਦਿਵਾਉਣ ਲਈ ਆਈ ਹੈ। ਕਾਂਗਰਸ ਮਨੀਪੁਰ ਵਿੱਚ ਸ਼ਾਂਤੀ ਤੇ ਭਾਈਚਾਰਾ ਬਹਾਲ ਕਰਨਾ ਚਾਹੁੰਦੀ ਹੈ। ਉਨ੍ਹਾ ਕਿਹਾ ਕਿ ਉਨ੍ਹਾ ਆਪਣੀ ਯਾਤਰਾ ਮਨੀਪੁਰ ਤੋਂ ਇਸ ਲਈ ਸ਼ੁਰੂ ਕੀਤੀ ਤਾਂ ਕਿ ਸਾਰੇ ਦੇਸ਼ ਨੂੰ ਪਤਾ ਲੱਗ ਸਕੇ ਕਿ ਮਨੀਪੁਰ ਦੇ ਲੋਕ ਕਿੰਨਾ ਸੰਤਾਪ ਹੰਢਾਅ ਰਹੇ ਹਨ। ਮਨੀਪੁਰ ਦੀ ਜਨਤਾ ਨੇ ਇੱਕ ਤਰਾਸਦੀ ਦਾ ਸਾਹਮਣਾ ਕੀਤਾ ਹੈ। ਲੋਕਾਂ ਨੇ ਪਰਵਾਰ ਤੇ ਜਾਇਦਾਦਾਂ ਗੁਆ ਦਿੱਤੀਆਂ ਹਨ। ਅਸੀਂ ਉਮੀਦ ਕਰਦੇ ਹਾਂ ਕਿ ਮਨੀਪੁਰ ਵਿੱਚ ਜਲਦ ਹੀ ਸ਼ਾਂਤੀ ਹੋਏਗੀ।*

*ਰਾਹੁਲ ਗਾਂਧੀ ਦੀਆਂ ਗੱਲਾਂ ਦਾ ਲੋਕਾਂ ਉੱਤੇ ਹਾਂ-ਪੱਖੀ ਪ੍ਰਭਾਵ ਪੈ ਰਿਹਾ ਸੀ। ਯਾਤਰਾ ਦੇ ਦੂਜੇ ਦਿਨ ਰਾਹੁਲ ਨੂੰ ਲੋਕਾਂ ਦਾ ਭਰਪੂਰ ਸਮਰਥਨ ਮਿਲਿਆ। ਇਹ ਗੱਲ ਹੈਰਾਨੀ ਵਾਲੀ ਸੀ ਕਿ ਜੋ ਮਨੀਪੁਰ 8 ਮਹੀਨਿਆਂ ਤੋਂ ਸੁਲਗ ਰਿਹਾ ਸੀ, ਥਾਂ-ਥਾਂ ਅਗਜ਼ਨੀ ਤੇ ਹਿੰਸਾ ਦੇ ਨਿਸ਼ਾਨ ਸਨ, ਉੱਥੇ ਯਾਤਰਾ ਦੇ ਸਵਾਗਤ ਵਿੱਚ ਲੋਕ ਪਰੰਪਰਕ ਨਾਚ-ਗਾਣੇ ਗਾ ਰਹੇ ਸਨ। ਔਰਤਾਂ ਤੇ ਬੱਚੇ, ਬੁੱਢੇ ਤੇ ਜਵਾਨ ਰਾਹੁਲ ਗਾਂਧੀ ਨੂੰ ਮਿਲਣ ਲਈ ਬੇਤਾਬ ਸਨ। ਬੱਚਿਆਂ ਦੇ ਇੱਕ ਗਰੁੱਪ ਨੇ ਤਖਤੀਆਂ ਫੜੀਆਂ ਹੋਈਆਂ ਸਨ, ਜਿਨ੍ਹਾਂ ਉੱਤੇ ਲਿਖਿਆ ਹੋਇਆ ਸੀ, "ਰਾਹੁਲ ਅੰਕਲ, ਅਸੀਂ ਭਾਰਤ ਦਾ ਭਵਿੱਖ ਹਾਂ ਤੇ ਸਾਡਾ ਭਵਿੱਖ ਆਪ ਉੱਤੇ ਨਿਰਭਰ ਕਰਦਾ ਹੈ।"*

*ਰਾਹੁਲ ਗਾਂਧੀ ਨੇ ਮਨੀਪੁਰ ਦੇ ਦੋ ਭਾਈਚਾਰਿਆਂ ਵਿੱਚ ਚੌੜੀ ਕੀਤੀ ਗਈ ਖਾਈ ਨੂੰ ਵੀ ਭਰਨ ਦੀ ਕੋਸ਼ਿਸ਼ ਕੀਤੀ ਸੀ। ਉਹ ਆਪਣੀ ਯਾਤਰਾ ਮੈਤਈ ਭਾਈਚਾਰੇ ਦੇ ਇਲਾਕੇ ਵਿੱਚੋਂ ਸ਼ੁਰੂ ਕਰਕੇ ਕੁੱਕੀ ਭਾਈਚਾਰੇ ਦੇ ਇਲਾਕੇ ਵਿੱਚੋਂ ਗੁਜ਼ਰੇ ਸਨ। ਰਾਹੁਲ ਗਾਂਧੀ ਨੇ ਦੋਹਾਂ ਭਾਈਚਾਰਿਆਂ ਵਿੱਚ ਪੁਲ ਬਣਨ ਦੀ ਕੋਸ਼ਿਸ਼ ਕੀਤੀ ਹੈ। ਰਾਹੁਲ ਗਾਂਧੀ ਨੇ ਦੋਹਾਂ ਭਾਈਚਾਰਿਆਂ ਵਿੱਚ ਸੰਵਾਦ ਸਥਾਪਤ ਕਰਨ ਦੀ ਵੀ ਕੋਸ਼ਿਸ਼ ਕੀਤੀ। ਰਾਹੁਲ ਗਾਂਧੀ ਉਸ ਥਾਂ ਵੀ ਗਏ, ਜਿਥੇ ਦੋ ਔਰਤਾਂ ਨੂੰ ਨੰਗਿਆਂ ਕਰਕੇ ਘੁਮਾਇਆ ਗਿਆ ਸੀ। ਇਸ ਮੌਕੇ ਜਦੋਂ ਰਾਹੁਲ ਗਾਂਧੀ ਔਰਤਾਂ ਨੂੰ ਨਿਆਂ ਦਿਵਾਉਣ ਦੀ ਗੱਲ ਕਰ ਰਹੇ ਸਨ ਤਾਂ ਹਾਜ਼ਰ ਔਰਤਾਂ ਦੀਆਂ ਭੁੱਬਾਂ ਨਿਕਲ ਰਹੀਆਂ ਸਨ। ਮਨੀਪੁਰ ਵਿੱਚ ਯਾਤਰਾ ਨੇ ਦੋ ਦਿਨ 'ਚ 5 ਜ਼ਿਲ੍ਹਿਆਂ ਵਿੱਚ 257 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ ਤੇ ਦੂਜੇ ਦਿਨ ਸ਼ਾਮ ਨੂੰ ਨਾਗਾਲੈਂਡ ਵਿੱਚ ਦਾਖ਼ਲ ਹੋ ਗਈ। ਇਸ ਯਾਤਰਾ ਨੂੰ ਮਨੀਪੁਰ ਵਿੱਚ ਕਿੰਨੀ ਕਾਮਯਾਬੀ ਮਿਲੇਗੀ, ਉਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਸੂਬਾ ਕਾਂਗਰਸ ਦੇ ਆਗੂ ਇਸ ਨੂੰ ਕਿਸ ਤਰ੍ਹਾਂ ਅੱਗੇ ਵਧਾਉਂਦੇ ਹਨ।*

# ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ

**ਰਜਿੰਦਰਪਾਲ ਕੌਰ**



ਦੁਨੀਆ ਦੇ ਧਰਮਾਂ ਵਿੱਚ ਇਹ ਮਿਸਾਲ ਲੱਭਣੀ ਔਖੀ ਹੈ, ਜਦੋਂ ਕਿਸੇ ਧਾਰਮਿਕ ਆਗੂ ਨੇ ਆਪਣਾ ਵਾਰਸ ਧਰਮ ਨੂੰ ਦਿੱਤਾ ਹੋਵੇ। ਇਹ ਵਿਲੱਖਣਤਾ ਸਿੱਖ ਧਰਮ ਦੇ ਗੁਰੂਆਂ ਦੇ ਹਿੱਸੇ ਹੀ ਆਈ ਹੈ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਦੇਣ ਵੇਲੇ ਪਰਵਾਰ ਨਹੀਂ, ਯੋਗਤਾ ਵੇਖੀ ਅਤੇ ਗੁਰੂ ਅੰਗਦ ਦੇਵ ਜੀ ਨੂੰ ਵਾਰਸ ਬਣਾਇਆ, ਜਿਸ 'ਤੇ ਉਹਨਾਂ ਨੂੰ ਯਕੀਨ ਸੀ ਕਿ ਉਹ ਇਸ ਧਰਮ ਦੀਆਂ ਰਵਾਇਤਾਂ ਨੂੰ ਕਾਇਮ ਰਖਣਗੇ। ਇਸ ਤਰਾਂ ਇਹ ਪ੍ਰਥਾ ਅੱਗੇ ਅੱਗੇ ਚਲਦੀ ਗਈ ਅਤੇ 'ਗੁਰੂ ਮਾਨਿਓ ਗ੍ਰੰਥ' ਦੇ ਮਹਾਂਵਾਕ ਅਨੁਸਾਰ ਦਸਵੇਂ ਪਾਤਸ਼ਾਹ ਜੀ ਨੇ ਦੇਹਧਾਰੀ ਗੁਰੂ ਨੂੰ ਮੰਨਣ ਦੀ ਪ੍ਰਥਾ ਨੂੰ ਖਤਮ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਦਿੱਤਾ। ਜਦੋਂ ਭਾਈ ਜੈਤਾ ਨੌਂਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਅਨੰਦਪੁਰ ਪੁੱਜਾ, ਉਸ ਨੂੰ ਇਸ ਵਾਸਤੇ ਐਨੀਆਂ ਮੁਸੀਬਤਾਂ ਝਲਣੀਆਂ ਪਈਆਂ ਕਿ ਸੀਸ ਸਿੱਖਾਂ ਦੇ ਹਵਾਲੇ ਕਰਕੇ ਉਹ ਲਗਭਗ ਬੇਹੋਸ਼ ਹੋ ਗਿਆ, ਕਿਉਂਕਿ ਜਦੋਂ ਤੱਕ ਉਸ ਨੇ ਮਕਸਦ ਹਾਸਲ ਨਹੀਂ ਕਰ ਲਿਆ ਸੀ, ਉਦੋਂ ਤੱਕ ਉਸ ਨੇ ਆਪਣੇ ਹੋਸ਼-ਹਵਾਸ ਕਾਇਮ ਰੱਖੇ ਸਨ, ਪ੍ਰੰਤੂ ਜਿਉਂ ਹੀ ਦਸਵੇਂ ਪਾਤਸ਼ਾਹ, ਜੋ ਕਿ ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਬਣੇ ਭਾਈ ਜੈਤੇ ਕੋਲ ਪਹੁੰਚਦੇ ਹਨ ਤਾਂ ਜੈਤਾ ਉਹਨਾ ਦੇ ਚਰਨਾਂ ਵਿੱਚ ਡਿੱਗ ਪੈਂਦਾ ਹੈ ਅਤੇ ਆਖਦਾ ਹੈ ਗੁਰੂ ਜੀ ਇਸ ਰੰਘਰੇਟੇ ਨੂੰ ਹਮੇਸ਼ਾ ਆਪਣੇ ਚਰਨਾਂ ਵਿੱਚ ਥਾਂ ਦੇਣੀ। ਗੁਰੂ ਜੀ ਉਸ ਨੂੰ ਗਲ ਨਾਲ ਲਾ ਲੈਂਦੇ ਹਨ ਅਤੇ ਵਰਦਾਨ ਦੇਂਦੇ ਹਨ 'ਰੰਘਰੇਟਾ ਗੁਰੂ ਕਾ ਬੇਟਾ।'

ਭਾਈ ਜੈਤੇ ਜਿਹਾ ਦਲੇਰ ਯੋਧਾ ਸਾਇਦ ਹੀ ਕੋਈ ਹੋਰ ਹੋਵੇ ਜਿਹੜਾ ਕਿ ਸਖਤ ਪਹਿਰੇ ਆਪਣੇ ਪਿਤਾ ਜੀ ਦਾ ਸੀਸ ਸੁੱਟ ਕੇ ਗੁਰੂ ਜੀ ਦਾ ਸੀਸ ਚੁੱਕ ਲਿਆਇਆ ਸੀ। ਭਾਈ ਜੈਤੇ ਦੀ ਕੁਰਬਾਨੀ ਅਤੇ ਬਹਾਦਰੀ ਨੂੰ ਵੇਖ ਕੇ ਗੁਰੂ ਗੋਬਿੰਦ ਰਾਇ ਜੀ ਦੇ ਮਾਮਾ ਜੀ ਕਿਰਪਾਲ ਚੰਦ ਨੇ ਗੁਰੂ ਜੀ ਦਾ ਅੰਗ ਰੱਖਿਅਕ ਭਾਈ ਜੈਤੇ ਨੂੰ ਥਾਪ ਦਿੱਤਾ। ਭਾਈ ਜੈਤਾ ਹਮੇਸ਼ਾ ਗੁਰੂ ਜੀ ਦੇ ਅੰਗਸੰਗ ਰਹਿੰਦਾ, ਤਾਂ ਕਿ ਕੋਈ ਖਤਰਾ ਗੁਰੂ ਜੀ ਤੱਕ ਨਾ ਪਹੁੰਚ ਸਕੇ। ਜੈਤੇ ਦਾ ਛੋਟਾ ਭਰਾ ਸੰਗਤਾ, ਜਿਹੜਾ ਕਿ ਗੁਰੂ ਜੀ ਦੀ ਉਮਰ ਦਾ ਹੀ ਸੀ ਨੂੰ ਗੁਰੂ ਜੀ ਵਾਂਗ ਹੀ ਤਿਆਰ ਕੀਤਾ ਜਾਂਦਾ ਸੀ ਅਤੇ ਜਦੋਂ ਕੋਈ ਮਿਲਣ ਆਉਂਦਾ ਤਾਂ ਪਹਿਲਾਂ ਭਾਈ ਸੰਗਤੇ ਨਾਲ ਹੀ ਮਿਲਾਇਆ ਜਾਂਦਾ ਸੀ ਤਾਂ ਕਿ ਗੁਰੂ ਜੀ ਨਾਲ ਕੋਈ ਦੁੱਖਦਾਈ ਘਟਨਾ ਨਾ ਵਾਪਰ ਜਾਵੇ। ਇਹ ਭਾਈ ਜੈਤੇ ਦੇ ਪਰਵਾਰ ਦੀ ਅਨੋਖੀ ਕੁਰਬਾਨੀ ਸੀ।

ਗੁਰੂ ਜੀ ਦੇ ਮਾਮਾ ਕਿਰਪਾਲ ਚੰਦ ਜੀ ਯੁੱਧ ਕਲਾ ਵਿੱਚ ਨਿਪੁੰਨ ਸਨ ਅਤੇ ਚਾਹੁੰਦੇ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਇੰਨਾ ਨਿਪੁੰਨ ਬਣਾ ਦਿੱਤਾ ਜਾਵੇ ਕਿ ਵੈਰੀ ਉਹਨਾਂ ਨੂੰ ਮਾਤ ਨਾ ਦੇ ਸਕੇ ਕਿਰਪਾਲ ਚੰਦ ਜੀ ਨੇ ਭਾਈ ਜੈਤੇ ਨੂੰ ਜਿੰਮੇਵਾਰੀ ਦਿੱਤੀ ਕਿ ਉਹ ਗੁਰੂ ਜੀ ਨੂੰ ਤਲਵਾਰਬਾਜੀ, ਨਿਸਾਨੇਬਾਜੀ, ਘੋੜ ਸਵਾਰੀ ਆਦਿ ਕਲਾਵਾਂ ਦਾ ਅਭਿਆਸ ਕਰਾਵੇ। ਜੈਤਾ ਆਪਣੇ ਛੋਟੇ ਭਰਾ ਸੰਗਤੇ ਅਤੇ ਗੁਰੂ ਜੀ ਨੂੰ ਯੁੱਧ ਕਲਾ ਸਿਖਾਉਣ ਲੱਗਾ ਜਦੋਂ ਗੁਰੂ ਜੀ ਸ਼ਿਕਾਰ ਖੇਡਣ ਜਾਂਦੇ ਤਾਂ ਭਾਈ ਜੈਤਾ ਏਨਾ ਚੁਕੰਨਾ ਰਹਿੰਦਾ ਕਿ ਕਿਸੇ ਵੀ ਆਉਣ ਵਾਲੇ ਖਤਰੇ ਦੀ ਸੂਹ ਲਾ ਲੈਂਦਾ ਸੀ। ਇਸ ਤਰ੍ਹਾਂ ਗੁਰੂ ਜੀ ਹਰ ਕਲਾ ਵਿੱਚ ਨਿਪੁੰਨ ਹੋ ਗਏ। ਇਸ ਤੋਂ ਇਲਾਵਾ ਗੁਰੂ ਜੀ ਬਹੁਤ ਜ਼ਿਆਦਾ ਸੂਝਵਾਨ ਅਤੇ ਦੂਰਅੰਦੇਸ਼ ਸਨ।

ਪਹਾੜੀ ਰਾਜੇ ਗੁਰੂ ਜੀ ਨੂੰ ਕਿਸੇ ਨਾ ਕਿਸੇ ਜੰਗ ਵਿੱਚ ਉਲਝਾਈ ਰੱਖਦੇ ਸਨ। ਭਾਈ ਜੈਤਾ ਹਮੇਸ਼ਾ ਗੁਰੂ ਜੀ ਦੇ ਅੱਗੇ ਹੁੰਦਾ ਸੀ। ਜੰਗਾਂ ਵਿੱਚ ਬਹੁਤ ਤਬਾਹੀ ਹੁੰਦੀ। ਦੋਵਾਂ ਧਿਰਾਂ ਦੇ ਬਹੁਤ ਲੋਕ ਮਾਰੇ ਜਾਂਦੇ। ਇੱਕ ਦਿਨ ਭਾਈ ਜੈਤਾ ਗੁਰੂ ਜੀ ਨੂੰ ਕਹਿਣ ਲੱਗਾ-ਗੁਰੂ ਜੀ ਜੰਗ ਵਿੱਚ ਆਪਣੇ ਅਤੇ ਦੁਸ਼ਮਣ ਦੇ ਸਿਪਾਹੀ ਨੂੰ ਪਛਾਨਣਾ ਮੁਸ਼ਕਲ ਹੋ ਜਾਂਦਾ ਹੈ, ਇਸ ਕਰਕੇ ਹਮੇਸ਼ਾ ਇਹ ਡਰ ਬਣਿਆ ਰਹਿੰਦਾ ਹੈ ਕਿ ਕਿਧਰੇ ਆਪਣੇ ਹੀ ਸਿਪਾਹੀਆਂ 'ਤੇ ਵਾਰ ਨਾ ਹੋ ਜਾਵੇ। ਇਸ ਕਰਕੇ ਸਿੱਖਾਂ ਦਾ ਬਾਣਾ ਕੁਝ ਵੱਖਰਾ ਹੋਣਾ ਚਾਹੀਦਾ ਹੈ। ਇਹ ਸੁਣ ਕੇ ਗੁਰੂ ਜੀ ਸੋਚਾਂ ਵਿੱਚ ਪੈ ਜਾਂਦੇ ਹਨ ਅਤੇ ਕਈ ਦਿਨ ਵਿਚਾਰ ਕਰਦੇ ਰਹਿੰਦੇ ਹਨ। ਇੱਕ ਦਿਨ ਭਾਈ ਜੈਤੇ ਨੂੰ ਕੋਲ ਬਿਠਾ ਕੇ ਆਖਦੇ ਹਨ-ਭਾਈ ਜੈਤੇ, ਤੂੰ ਕਿਹਾ ਸੀ ਨਾ ਕਿ ਆਪਣੇ ਸਿਪਾਹੀਆਂ ਦੀ ਪਛਾਣ ਵੱਖਰੀ ਹੋਣੀ ਚਾਹੀਦੀ ਹੈ, ਜਿਨ੍ਹਾਂ ਨੂੰ ਰਾਜੇ ਨੀਵੀਂ ਜਾਤ ਦਾ ਸਮਝ ਕੇ ਘਿਰਣਾ ਕਰਦੇ ਹਨ, ਮੈਂ ਉਹਨਾਂ ਵਿੱਚੋਂ ਹੀ ਸੂਰਬੀਰ ਯੋਧੇ ਪੈਦਾ ਕਰਾਂਗਾ। ਮੈਂ ਚਿੜੀਆਂ ਸੰਗ ਬਾਜ਼ ਲੜਾਵਾਂਗਾ।

ਭਾਈ ਜੈਤਾ ਉਤਾਵਲਾ ਹੋ ਕੇ ਪੁੱਛਦਾ ਹੈ ਇਹ ਸਮਾਂ ਕਦੋਂ ਆਵੇਗਾ ਸਾਹਿਬ ਜੀ ਤਾਂ ਗੁਰੂ ਜੀ ਕਹਿੰਦੇ ਹਨ, ਇਹ ਸਮਾਂ ਜਲਦੀ ਹੀ ਆ ਜਾਵੇਗਾ। ਤੁਸੀਂ ਦੂਰ-ਦੂਰ ਤੱਕ ਸੰਗਤਾਂ ਨੂੰ ਬੁਲਾਵੇ ਭੇਜੋ ਕਿ ਇਸ ਸਾਲ ਵਿਸਾਖੀ 'ਤੇ ਬੜੇ ਭਾਰੀ ਦੀਵਾਨ ਲੱਗਣਗੇ ਅਤੇ ਸਾਰੀਆਂ ਸੰਗਤਾਂ ਇਸ ਵਿੱਚ ਹਾਜ਼ਰ ਹੋਣ। ਭਾਈ ਜੈਤਾ ਇੱਕ ਦਮ ਗੁਰੂ ਜੀ ਦੇ ਸ਼ਬਦਾਂ ਉੱਤੇ ਫੁੱਲ ਚੜ੍ਹਾਉਂਦਾ ਹੈ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਿੱਖਾਂ ਨੂੰ ਸੁਨੇਹੇ ਭੇਜਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਇਸ ਸਾਲ ਦੀਵਾਨ ਬਹੁਤ ਵੱਡਾ ਹੋਵੇਗਾ, ਇਸ ਕਰਕੇ ਪ੍ਰਬੰਧ ਵੀ ਜ਼ਿਆਦਾ ਕਰਨਾ ਹੈ। ਪਹਿਰੇਦਾਰਾਂ ਦੀ ਚੋਣ ਤੂੰ ਆਪ ਕਰਨੀ ਹੋਵੇਗੀ ਅਤੇ ਸਾਰੇ ਮੋਹਰੀ ਸਿੱਖਾਂ ਨੂੰ ਆਖਣਾ ਹੈ ਕਿ ਉਹ ਵਿਸਾਖੀ ਵਾਲੇ ਦਿਨ ਆਨੰਦਪੁਰ ਛੱਡ ਕੇ ਕਿਧਰੇ ਨਾ ਜਾਣ। ਭਾਈ ਜੈਤਾ ਹੈਰਾਨ ਹੁੰਦਾ ਹੈ ਕਿ ਗੁਰੂ ਜੀ ਐਨਾ ਫਿਕਰ ਕਿਉਂ ਕਰ ਰਹੇ ਹਨ, ਕਿਧਰੇ ਪਹਾੜੀ ਰਾਜਿਆਂ ਦੇ ਹਮਲੇ ਦਾ ਖਤਰਾ ਤਾਂ ਨਹੀਂ, ਫਿਰ ਤਾਂ ਸਾਨੂੰ ਆਪਣੇ ਹਥਿਆਰਬੰਦ ਸਿਪਾਹੀ ਤਿਆਰ-ਬਰ-ਤਿਆਰ ਰੱਖਣੇ ਪੈਣਗੇ ਅਤੇ ਜੈਤਾ ਤਿਆਰੀਆਂ ਵਿੱਚ ਰੁਝ ਜਾਂਦਾ ਹੈ।

ਗੁਰੂ ਜੀ ਆਪਣੇ ਸਾਰੇ ਪਰਵਾਰ, ਭਾਈ ਜੈਤੇ ਅਤੇ ਬੀਬੀ ਵੀਰੋ ਦੇ ਪੁੱਤਰਾਂ ਕੋਲੋਂ ਵਾਅਦਾ ਲੈਂਦੇ ਹਨ ਕਿ ਕੱਲ੍ਹ ਨੂੰ ਦੀਵਾਨ ਵਿੱਚ ਕੋਈ ਵੀ ਗੁਰੂ ਜੀ ਦੇ ਕੰਮ ਵਿੱਚ ਦਖਲ ਨਹੀਂ ਦੇਵੇਗਾ।

ਸਾਰੇ ਬੜੇ ਪਰੇਸਾਨ ਹਨ ਕਿ ਕੱਲ ਨੂੰ ਕੀ ਹੋਵਣ ਵਾਲਾ ਹੈ ਪ੍ਰੰਤੂ ਮਜਬੂਰ ਹਨ ਕਿਉਂਕਿ ਗੁਰੂ ਜੀ ਨੂੰ ਸਵਾਲ ਨਹੀਂ ਪੁੱਛ ਸਕਦੇ। ਉਧਰ ਗੁਰੂ ਜੀ ਵੀ ਪਰੇਸਾਨ ਹਨ ਕਿ ਜੋ ਕੁਝ ਮੈਂ ਸੋਚਿਆ ਹੈ ਕੀ ਸੱਚ ਮੁੱਚ ਉਸ ਤੇ ਅਮਲ ਹੋਵੇਗਾ ਜਾਂ ਮੇਰੀ ਸਕੀਮ ਫੇਲ ਹੋ ਜਾਵੇਗੀ। ਜੇ ਮੇਰੀ ਸਕੀਮ ਫੇਲ ਹੋ ਗਈ ਤਾਂ ਬੜੀ ਹੱਤਕ ਵਾਲੀ ਗੱਲ ਹੋਵੇਗੀ।

1699 ਈਸਵੀ ਦਾ ਵਿਸਾਖੀ ਵਾਲਾ ਦਿਨ ਪੂਰਾ ਪੰਡਾਲ ਸੱਜਿਆ ਹੋਇਆ ਹੈ। ਸੰਗਤਾਂ ਦਾ ਠਾਠਾ ਮਾਰਦਾ ਸਮੁੰਦਰ ਹੈ। ਦੀਵਾਨ ਚੱਲ ਰਿਹਾ ਹੈ, ਅਚਾਨਕ ਪੰਜ ਵਾਰ ਨਗਾਰੇ 'ਤੇ ਚੋਟ ਲੱਗਦੀ ਹੈ ਤਾਂ ਢਾਡੀ ਵਾਰ ਗਾਇਨ ਰੋਕ ਲੈਂਦੇ ਹਨ ਅਤੇ ਸਾਰੀ ਸੰਗਤ ਪੰਡਾਲ ਵੱਲ ਵੇਖਣ ਲੱਗਦੀ ਹੈ। ਗੁਰੂ ਗੋਬਿੰਦ ਰਾਏ ਜੀ ਹੱਥ ਵਿੱਚ ਨੰਗੀ ਤਲਵਾਰ ਲੈ ਕੇ ਪ੍ਰਗਟ ਹੁੰਦੇ ਹਨ ਅਤੇ ਫੁਰਮਾਉਂਦੇ ਹਨ ਕਿ ਧਰਮ ਅਤੇ ਕੌਮ ਦੀ ਰਾਖੀ ਵਾਸਤੇ ਸਾਨੂੰ ਇੱਕ ਸੀਸ ਦੀ ਲੋੜ ਹੈ, ਕਿਹੜਾ ਸੂਰਮਾ ਸੀਸ ਦੇਣ ਵਾਸਤੇ ਤਿਆਰ ਹੈ। ਭਾਈ ਜੈਤਾ ਉੱਠਣ ਦੀ ਕੋਸ਼ਿਸ਼ ਕਰਦਾ ਹੈ, ਪ੍ਰੰਤੂ ਗੁਰੂ ਜੀ ਦੀ ਘੂਰੀ ਵੇਖ ਕੇ ਬੈਠ ਜਾਂਦਾ ਹੈ, ਪਰ ਉਹ ਬੜਾ ਬੇਚੈਨ ਹੈ ਕਿ ਇਹ ਮਾਣ ਉਸ ਨੂੰ ਕਿਉਂ ਨਹੀਂ ਮਿਲ ਰਿਹਾ।

ਪੰਡਾਲ ਦੇ ਵਿੱਚੋਂ ਇੱਕ ਸੇਵਕ ਖੜਾ ਹੋਇਆ ਅਤੇ ਗੁਰੂ ਜੀ ਦੇ ਸਾਹਮਣੇ ਆ ਕੇ ਉਸ ਨੇ ਆਪਣਾ ਸੀਸ ਨਿਵਾ ਦਿੱਤਾ। ਗੁਰੂ ਜੀ ਉਸ ਨੂੰ ਨਾਂਅ ਪੁੱਛਦੇ ਹਨ, ਤਾਂ ਉਹ ਦੱਸਦਾ ਹੈ ਕਿ ਮੈਂ ਦਇਆ ਰਾਮ ਖੱਤਰੀ ਲਾਹੌਰ ਤੋਂ ਹਾਂ। ਗੁਰੂ ਜੀ ਉਸ ਨੂੰ ਤੰਬੂ ਦੇ ਪਿਛਲੇ ਪਾਸੇ ਲੈ ਜਾਂਦੇ ਹਨ ਅਤੇ ਫਿਰ ਨੰਗੀ ਤਲਵਾਰ ਲੈ ਕੇ ਪੰਡਾਲ ਵਿੱਚ ਆ ਜਾਂਦੇ ਹਨ ਅਤੇ ਲਲਕਾਰਦੇ ਹਨ, ਹੁਣ ਕਿਹੜਾ ਸਿੱਖ ਸੀਸ ਦੇਣ ਲਈ ਤਿਆਰ ਹੈ। ਇਸ ਤਰ੍ਹਾਂ ਗੁਰੂ ਜੀ ਪੰਜ ਵਾਰ ਲਹੂ ਭਿੱਜੀ ਤਲਵਾਰ ਲੈ ਕੇ ਸੀਸ ਦੀ ਮੰਗ ਕਰਦੇ ਹਨ ਅਤੇ ਅਤੇ ਦਇਆ ਰਾਮ ਸਮੇਤ ਪੰਜ ਸਿੱਖ ਸੀਸ ਦੇਣ ਲਈ ਤਿਆਰ ਹੋ ਜਾਂਦੇ ਹਨ। ਜੈਤਾ ਆਪਣੇ ਆਪ ਨੂੰ ਗੁਰੂ ਜੀ ਨਾਲ ਕੀਤੇ ਵਾਅਦੇ ਮੁਤਾਬਕ ਬੜਾ ਹੀ ਬੇਵੱਸ ਮਹਿਸੂਸ ਕਰ ਰਿਹਾ ਹੈ।

ਸੰਗਤਾਂ ਅੰਦਰ ਬੜੀ ਬੇਚੈਨੀ ਹੈ ਕਿ ਗੁਰੂ ਜੀ ਨੂੰ ਕੀ ਹੋ ਗਿਆ ਹੈ ਇਹ ਕਿਹੋ ਜਿਹਾ ਕੌਤਕ ਰਚਾ ਰਹੇ ਹਨ ਬਹੁਤ ਸਾਰੇ ਲੋਕ ਪੰਡਾਲ ਵਿੱਚੋਂ ਖਿਸਕਣੇ ਸੁਰੂ ਹੋ ਜਾਂਦੇ ਹਨ ਕਿ ਗੁਰੂ ਜੀ ਨੂੰ ਕੀ ਹੋ ਗਿਆ ਹੈ, ਉਹ ਆਪਣੇ ਹੀ ਸਿੱਖਾਂ ਦਾ ਕਤਲ ਕਰੀ ਜਾ ਰਹੇ ਹਨ। ਕੁਝ ਸਮੇਂ ਬਾਅਦ ਗੁਰੂ ਜੀ ਉਹਨਾਂ ਪੰਜਾਂ ਸੇਵਕਾਂ ਨਾਲ ਮੰਚ 'ਤੇ ਆਉਂਦੇ ਹਨ। ਪੰਜਾਂ ਸੇਵਕਾਂ ਨੇ ਨਵਾਂ ਲਿਬਾਸ ਨੀਲਾ ਬਾਣਾ ਪਾਇਆ ਹੋਇਆ ਹੈ, ਸਿਰ ਉਪਰ ਦਸਤਾਰਾਂ ਹਨ, ਲੱਕਾਂ ਨਾਲ ਕਮਰ ਕੱਸੇ ਹਨ ਅਤੇ ਹੱਥ ਵਿੱਚ ਤਲਵਾਰਾਂ ਹਨ। ਉਹਨਾਂ ਦੇ ਚਿਹਰੇ 'ਤੇ ਅਲੌਕਿਕ ਨੂਰ ਵਰਸ ਰਿਹਾ ਹੈ। ਗੁਰੂ ਜੀ ਉਹਨਾਂ ਨੂੰ ਅੰਮ੍ਰਿਤ ਛਕਾ ਕੇ ਦਇਆ ਰਾਮ ਤੋਂ ਦਇਆ ਸਿੰਘ, ਧਰਮ ਰਾਏ ਤੋਂ ਧਰਮ ਸਿੰਘ, ਹਿੰਮਤ ਰਾਏ ਤੋਂ ਹਿੰਮਤ ਸਿੰਘ, ਮੋਹਕਮ ਚੰਦ ਤੋਂ ਮੋਹਕਮ ਸਿੰਘ ਅਤੇ ਸਾਹਿਬ ਚੰਦ ਤੋਂ ਸਾਹਿਬ ਸਿੰਘ ਬਣਾ ਦਿੰਦੇ ਹਨ।

ਗੁਰੂ ਜੀ ਫਰਮਾਉਂਦੇ ਹਨ ਕਿ ਅੱਜ ਤੋਂ ਬਾਅਦ ਇਹ ਪੰਜ ਪਿਆਰੇ ਖਾਲਸਾ ਪੰਥ ਦੇ ਗੁਰੂ ਹੋਣਗੇ ਅਤੇ ਇਹਨਾਂ ਦਾ ਚਾਲ-ਚਲਣ ਮਿਸਾਲੀ ਹੋਵੇਗਾ। ਗੁਰੂ ਜੀ ਨੇ ਕਿਹਾ ਕਿ ਖਾਲਸਾ ਨਾ ਕਿਸੇ ਦਾ ਡਰ ਮੰਨੇਗਾ ਅਤੇ ਨਾ ਹੀ ਬਿਨਾਂ ਕਾਰਨ ਕਿਸੇ ਨੂੰ ਡਰਾਵੇਗਾ। ਖਾਲਸਾ ਨਿਆਸਰਿਆਂ, ਨਿਤਾਣਿਆਂ ਅਤੇ ਨਿਓਟਿਆਂ ਦਾ ਆਸਰਾ ਤਾਣ ਅਤੇ ਓਟ ਬਣੇਗਾ। ਖਾਲਸਾ ਕਿਸੇ ਦੇਵੀ-ਦੇਵਤੇ, ਪੀਰ, ਫ਼ਕੀਰ, ਪੈਗੰਬਰ ਸਾਹਮਣੇ ਆਪਣਾ ਸਿਰ ਨਹੀਂ ਝੁਕਾਵੇਗਾ।

ਇਸ ਤੋਂ ਬਾਅਦ ਗੁਰੂ ਜੀ ਪੰਜ ਪਿਆਰਿਆਂ ਦੇ ਸਾਹਮਣੇ ਹੱਥ ਜੋੜ ਕੇ ਖੜੇ ਹੋ ਗਏ ਅਤੇ ਕਿਹਾ ਕਿ ਸਾਨੂੰ ਵੀ ਸਿੱਖ ਪੰਥ ਵਿੱਚ ਸ਼ਾਮਲ ਕਰਨ ਦੀ ਕਿਰਪਾਲਤਾ ਕਰੋ ਅਤੇ ਸਾਨੂੰ ਵੀ ਅੰਮ੍ਰਿਤ ਦੀ ਦਾਤ ਬਖ਼ਸ਼ੋ। ਇਸ ਤਰਾਂ ਗੁਰੂ ਜੀ ਆਪਣੇ ਹੀ ਚੇਲਿਆਂ ਨੂੰ ਗੁਰੂ ਰੂਪ ਮੰਨ ਕੇ ਉਹਨਾਂ ਦੇ ਚੇਲੇ ਬਣ ਗਏ ਅਤੇ ਉਹਨਾਂ ਹੱਥੋਂ ਅੰਮ੍ਰਿਤ ਛਕ ਕੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ। ਇਸ ਤਰਾਂ ਦੀ ਮਿਸਾਲ ਸਾਰੀ ਦੁਨੀਆ ਵਿੱਚ ਸ਼ਾਇਦ ਕਿਤੇ ਨਹੀਂ ਮਿਲਦੀ। ਇਸ ਤੋਂ ਬਾਅਦ ਗੁਰੂ ਜੀ ਨੇ ਭਾਈ ਜੈਤੇ ਨੂੰ ਅੰਮ੍ਰਿਤ ਛਕਾ ਕੇ ਜੀਵਨ ਸਿੰਘ ਬਣਾ ਦਿੱਤਾ ਅਤੇ ਆਪਣੇ ਪੁੱਤਰ ਦਾ ਦਰਜਾ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਥੋੜ੍ਹੇ ਜਿਹੇ ਸਿੰਘਾਂ ਨਾਲ ਚਮਕੌਰ ਦੀ ਗੜ੍ਹੀ ਵਿੱਚ ਘਿਰ ਗਏ ਸਨ ਅਤੇ ਬਾਹਰ ਲੱਖਾਂ ਦੀ ਗਿਣਤੀ ਵਿੱਚ ਫੌਜ ਘੇਰਾ ਪਾਈ ਬੈਠੀ ਸੀ ਤਾਂ ਗੁਰੂ ਜੀ ਨੇ ਕਿਹਾ ਕਿ ਪੰਜ-ਪੰਜ ਸਿੰਘ ਗੜ੍ਹੀ ਦੇ ਬਾਹਰ ਜਾਣਗੇ ਅਤੇ ਮੁਗਲਾਂ ਨੂੰ ਭਾਜੜਾਂ ਪਾਉਣਗੇ। ਪਹਿਲੇ ਜਥੇ ਦੀ ਅਗਵਾਈ ਸਾਹਿਬਜ਼ਾਦਾ ਅਜੀਤ ਸਿੰਘ ਕਰ ਰਹੇ ਸਨ, ਨੇ ਮੁਗਲਾਂ ਦੇ ਆਹੂ ਲਾ ਦਿੱਤੇ ਅਤੇ ਉਹ ਪੰਜ ਸਿੰਘ ਸ਼ਹੀਦੀ ਜਾਮ ਪੀ ਗਏ।

ਦੂਜਾ ਜਥਾ ਬਾਬਾ ਜੁਝਾਰ ਸਿੰਘ ਦੀ ਅਗਵਾਈ ਵਿੱਚ ਗਿਆ ਅਤੇ ਮੁਗਲਾਂ ਨਾਲ ਦੋ-ਦੋ ਹੱਥ ਕਰਦੇ ਹੋਏ ਇਹ ਸਾਰੇ ਸਿੰਘ ਸ਼ਹੀਦ ਹੋ ਗਏ। ਅਖੀਰ ਗੜ੍ਹੀ ਵਿੱਚ ਗੁਰੂ ਜੀ ਅਤੇ ਜੀਵਨ ਸਿੰਘ ਸਮੇਤ ਸੱਤ ਸਿੱਖ ਬਚੇ ਸਨ। ਸਭ ਨੂੰ ਪਤਾ ਸੀ ਕਿ ਇਹ ਉਹਨਾਂ ਦਾ ਇਸ ਦੁਨੀਆ 'ਤੇ ਆਖਰੀ ਦਿਨ ਹੋਵੇਗਾ, ਪਰੰਤੂ ਸਭ ਨੂੰ ਚਿੰਤਾ ਸੀ ਕਿ ਕਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਬਚਾਇਆ ਜਾਵੇ, ਤਾਂ ਕਿ ਸਿੱਖੀ ਬਚੀ ਰਹਿ ਸਕੇ। ਭਾਈ ਜੀਵਨ ਸਿੰਘ ਜੀ ਨੇ ਗੁਰੂ ਜੀ ਨੂੰ ਬਹੁਤ ਫਰਿਆਦ ਕੀਤੀ ਕਿ ਤੁਸੀਂ ਗੜ੍ਹੀ ਛੱਡ ਕੇ ਚਲੇ ਜਾਓ, ਪ੍ਰੰਤੂ ਗੁਰੂ ਜੀ ਸਮਝਦੇ ਸਨ ਕਿ ਮੈਦਾਨ ਛੱਡ ਕੇ ਭੱਜਣਾ ਸੂਰਮਗਤੀ ਨਹੀਂ। ਉਹ ਆਪਣੇ ਸਿੱਖਾਂ ਨੂੰ ਮੁਸੀਬਤ ਵਿੱਚ ਛੱਡ ਕੇ ਇਕੱਲੇ ਨਿਕਲਣ ਲਈ ਕਿਸੇ ਤਰ੍ਹਾਂ ਵੀ ਤਿਆਰ ਨਹੀਂ ਸਨ। ਅਚਾਨਕ ਭਾਈ ਜੈਤਾ ਜੀ ਨੂੰ ਇੱਕ ਵਿਚਾਰ ਫੁਰਿਆ ਅਤੇ ਉਸ ਨੇ ਬਾਕੀ ਸਿੰਘਾਂ ਨਾਲ ਸਲਾਹ ਕੀਤੀ ਤਾਂ ਪੰਜ ਸਿੰਘ ਇਕੱਠੇ ਹੋ ਕੇ ਗੁਰੂ ਜੀ ਕੋਲ ਗਏ ਅਤੇ ਕਿਹਾ ਕਿ ਗੁਰੂ ਜੀ, ਖਾਲਸਾ ਤੁਹਾਨੂੰ ਹੁਕਮ ਦਿੰਦਾ ਹੈ ਕਿ ਤੁਸੀਂ ਗੜ੍ਹੀ ਛੱਡ ਕੇ ਫੌਰਨ ਨਿਕਲ ਜਾਓ। ਗੁਰੂ ਜੀ ਬਹੁਤ ਬੇਵੱਸ ਸਨ, ਕਿਉਂਕਿ ਉਹਨਾਂ ਪੰਜ ਪਿਆਰਿਆਂ ਨੂੰ ਗੁਰੂ ਦਾ ਦਰਜਾ ਦਿੱਤਾ ਸੀ ਅਤੇ ਕਿਹਾ ਸੀ ਕਿ ਉਹਨਾਂ ਦਾ ਹੁਕਮ ਗੁਰੂ ਦਾ ਹੁਕਮ ਹੋਵੇਗਾ, ਜਿਸ ਨੂੰ ਮੰਨਣਾ ਪਏਗਾ। ਜਦੋਂ ਪੰਜਾਂ ਪਿਆਰਿਆਂ ਨੇ ਹੁਕਮ ਕਰ ਦਿੱਤਾ ਤਾਂ ਗੁਰੂ ਜੀ ਨੂੰ ਮੰਨਣਾ ਪਿਆ।

ਗੁਰੂ ਜੀ ਨੇ ਹੁਕਮ ਮੰਨਣ ਤੋਂ ਪਹਿਲਾਂ ਇਕ ਸਰਤ ਰੱਖੀ ਕਿ ਖਾਲਸਾ ਮੈਦਾਨ ਵਿੱਚ ਪਿੱਠ ਵਿਖਾ ਕੇ ਨਹੀਂ ਭੱਜ ਸਕਦਾ ਇਸ ਕਰਕੇ ਮੈਂ ਐਲਾਨ ਕਰਕੇ ਜਾਵਾਂਗਾ। ਖਾਲਸੇ ਨੇ ਉਹਨਾਂ ਦੀ ਇਹ ਸਰਤ ਮਨਜੂਰ ਕਰ ਲਈ। ਗੁਰੂ ਜੀ ਨਾਲ ਜਾਣ ਲਈ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਤਿਆਰ ਹੋ ਗਏ। ਗੁਰੂ ਜੀ ਗੜ੍ਹੀ ਤੋਂ ਬਾਹਰ ਨਿਕਲੇ ਅਤੇ ਤਾੜੀ ਮਾਰ ਕੇ ਉੱਚੀ ਆਵਾਜ਼ ਵਿੱਚ ਕਿਹਾ ਕਿ ਸਿੱਖਾਂ ਦਾ ਗੁਰੂ ਚਲਿਆ ਜੇ, ਜੇ ਕਿਸੇ ਦੀ ਹਿੰਮਤ ਹੈ ਤਾਂ ਆ ਕੇ ਫੜ ਲਓ। ਬਾਕੀ ਸਿੰਘਾਂ ਨੇ ਵੀ ਵੱਖ-ਵੱਖ ਦਿਸਾਵਾਂ ਤੋਂ ਉੱਚੀ-ਉੱਚੀ ਜੈਕਾਰੇ ਛੱਡੇ। ਮੁਗਲ ਸੈਨਾ ਜਿਹੜੀ ਕਿ ਨੀਂਦ ਵਿੱਚ ਸੀ, ਉਹ ਭੰਬਲਭੂਸੇ ਵਿੱਚ ਪੈ ਗਈ ਕਿ ਗੁਰੂ ਜੀ ਕਿਹੜੇ ਪਾਸੇ ਜਾ ਰਹੇ ਹਨ। ਉਹਨਾਂ ਬਹੁਤ ਵੱਢਕੱਟ ਕੀਤੀ। ਹਨੇਰੇ ਵਿੱਚ ਉਹ ਆਪਣੇ ਹੀ ਸਿਪਾਹੀਆਂ ਨੂੰ ਮਾਰ ਰਹੇ ਸਨ। ਜਦੋਂ ਸਵੇਰੇ ਉੱਠ ਕੇ ਉਹਨਾਂ ਵੇਖਿਆ ਕਿ ਕਲਗੀ ਵਾਲਾ ਸਿੰਘ ਤਾਂ ਗੜ੍ਹੀ ਵਿੱਚ ਮੌਜੂਦ ਹੈ ਤਾਂ ਉਹਨਾਂ ਨੇ ਸਮਝਿਆ ਕਿ ਰਾਤ ਸਾਨੂੰ ਸ਼ਾਇਦ ਭੁਲੇਖਾ ਲੱਗਿਆ ਹੈ। ਗੁਰੂ ਜੀ ਨੇ ਭੁਲੇਖਾ ਪਾਉਣ ਵਾਸਤੇ ਆਪਣੇ ਬਸਤਰ ਅਤੇ ਕਲਗੀ ਭਾਈ ਜੀਵਨ ਸਿੰਘ ਦੇ ਸਜਾ ਦਿੱਤੀ ਸੀ। ਮੁਗਲਾਂ ਨੇ ਬਾਕੀ ਬਚੇ ਤਿੰਨਾਂ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਅਤੇ ਭਾਈ ਜੀਵਨ ਸਿੰਘ ਦਾ ਸਿਰ ਲਾਹ ਕੇ ਲੈ ਗਏ, ਤਾਂ ਕਿ ਸੂਬੇਦਾਰ ਅਤੇ ਬਾਦਸ਼ਾਹ ਕੋਲੋਂ ਵੱਡੇ ਇਨਾਮ ਪ੍ਰਾਪਤ ਕਰਨਗੇ ਕਿ ਅਸੀਂ ਗੁਰੂ ਗੋਬਿੰਦ ਸਿੰਘ ਦਾ ਸੀਸ ਲੈ ਕੇ ਆਏ ਹਾਂ।

ਧੰਨ ਹਨ ਸਾਡੇ ਗੁਰੂ ਦਸਵੇਂ ਪਾਤਸਾਹ ਜਿਨਾਂ ਨੇ ਬਹੁਤ ਦੂਰ ਅੰਦੇਸੀ ਤੋਂ ਕੰਮ ਲੈ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਖਾਲਸਾ ਪੰਥ ਦੀ ਸਾਜਨਾ ਕਰਨ ਕਰਕੇ ਹੀ ਸਿੱਖੀ ਬਚ ਸਕੀ ਅਤੇ ਵਧੀ ਫੁੱਲੀ। ਭਾਈ ਜੀਵਨ ਸਿੰਘ ਜੀ ਦੀ ਕੁਰਬਾਨੀ ਨੂੰ ਵੀ ਅਸੀਂ ਨਤ-ਮਸਤਕ ਹੁੰਦੇ ਹਾਂ ਅਤੇ ਬਲਿਹਾਰੇ ਜਾਂਦੇ ਹਾਂ ਆਪਣੇ ਦਸਵੇਂ ਪਾਤਸਾਹ ਦੀ ਸੂਝ, ਸਿਆਣਪ, ਦਲੇਰੀ ਅਤੇ ਕੁਰਬਾਨੀ ਤੋਂ। ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ।

**# ਸੰਪਰਕ : 99881-76811**

# ਮੌਤ ਨੂੰ ਮਖੌਲ ਕਰਨ ਵਾਲਿਆਂ ਨੂੰ ਅੱਜ ਮੌਤ ਮਖੌਲ ਕਰਦੀ

**ਕਸ਼ਮੀਰ ਸਿੰਘ ਕਾਦੀਆਂ**

ਪੰਜਾਬ ਦੀ ਜਵਾਨੀ ਨੂੰ ਕਦੇ ਯੋਧਿਆਂ, ਸੂਰਬੀਰਾਂ, ਬਹਾਦਰਾਂ ਨਾਲ ਜਾਣਿਆ ਜਾਂਦਾ ਸੀ, ਅੱਜ ਸਾਡੀ ਭ੍ਰਿਸ਼ਟ ਅਤੇ ਨਿਕੰਮੀ ਲੀਡਰਸ਼ਿਪ ਦੇ ਸੌੜੇ ਸਿਆਸੀ ਹਿੱਤਾਂ ਦੀ ਭੇਟ ਚੜ੍ਹ ਕੇ ਨਸ਼ਿਆਂ ਦੀ ਦਲਦਲ ਵਿੱਚ ਧੱਸ ਚੁੱਕੀ ਜਵਾਨੀ ਵੇਖ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਕਦੀ ਪ੍ਰੋਫੈਸਰ ਪੂਰਨ ਸਿੰਘ ਨੇ ਪੰਜਾਬ ਦੇ ਜਵਾਨਾਂ ਦੀ ਅਣਖ ਤੇ ਉੱਚੇ-ਸੁੱਚੇ ਆਦਰਸ਼ਾਂ ਨੂੰ ਵੇਖ ਤੇ ਸਡੋਲ ਸਰੀਰਾਂ, ਬਹਾਦਰੀ ਨੂੰ ਵੇਖ ਇੱਕ ਕਵਿਤਾ 'ਜਵਾਨ ਪੰਜਾਬ ਦੇ' ਲਿਖੀ, ਬਾਂਕੇ ਛਬੀਲੇ ਪੰਜਾਬ - ਪਿਆਰ ਦੇ ਰਹਿਣ ਵਾਲੇ, ਪੰਜਾਬੀ ਮਾਵਾਂ ਦੇ ਪੁੱਤਰ, ਰੱਖਣ ਨਾ ਜਾਨ ਸੰਭਾਲ ਇਹ, ਜਾਨ ਵਾਰਨ ਨੂੰ ਇਹ ਜਾਣਦੇ, ਲਹੂ ਵੀਟਣ ਥੀਂ ਨਾ ਡਰਨ ਇਹ, ਜਿਸ 'ਤੇ ਕਦੇ ਸਾਰਾ ਦੇਸ਼ ਮਾਣ ਮਹਿਸੂਸ ਕਰਦਾ ਸੀ, ਪਿਛਲੇ ਕੋਈ ਦੋ ਦਹਾਕਿਆਂ 'ਚ ਪੰਜਾਬ ਦੀ ਜਵਾਨੀ ਨੂੰ ਐਹੋ ਜਿਹੀ ਚੰਦਰੀ ਨਜ਼ਰ ਲੱਗੀ ਕਿ ਪੰਜਾਬ ਦੀ ਲਸੂ-ਲਸੂ ਕਰਦੀ ਜਵਾਨੀ ਨੂੰ ਆਪਣੇ ਵਹਿਣ ਵਿੱਚ ਵਹਾ ਕੇ ਲੈ ਗਈ। ਜਿੱਥੇ ਸਰਕਾਰਾਂ ਦੀਆਂ ਗਲਤ ਨੀਤੀਆਂ ਸਦਕਾ ਬੇਰੁਜ਼ਗਾਰੀ ਵਧਦੀ ਗਈ, ਉਥੇ ਹੀ ਨਸ਼ੇ ਨਾਲ ਨਸ਼ੇੜੀਆਂ ਦੀ ਗਿਣਤੀ ਵਿੱਚ ਹੋਇਆ ਬੇਤਹਾਸ਼ਾ ਵਾਧਾ ਵੀ ਸੱਤਾ ਵਿੱਚ ਰਹੀਆਂ ਸਿਆਸੀ ਪਾਰਟੀਆਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਦੀਆਂ ਹਨ। ਇਹਨਾਂ ਦੀ ਆਪਸੀ ਰਲਗੱਡ ਸਦਕਾ ਹੀ ਪਿੰਡਾਂ ਵਿਚ ਛੋਟੇ-ਮੋਟੇ ਨਹੀਂ, ਬਲਕਿ ਮਹਿੰਗੇ ਤੋਂ ਮਹਿੰਗੇ ਨਸ਼ੇ ਵੀ ਘਰ ਕਰ ਗਏ ਹਨ। ਜਿਵੇਂ ਕਿ ਸ਼ਰਾਬ, ਅਫੀਮ, ਭੁੱਕੀ ਵਰਗੇ ਨਸ਼ਿਆਂ ਨੂੰ ਤਾਂ ਹੁਣ ਕੋਈ ਨਸ਼ਾ ਹੀ ਨਹੀਂ ਮੰਨਦਾ, ਬਲਕਿ ਸਮੈਕ, ਚਰਸ ਅਤੇ ਚਿੱਟੇ ਵਰਗੇ ਨਸ਼ੇ ਨੌਜਵਾਨਾਂ ਤੱਕ ਬੜੀ ਆਸਾਨੀ ਨਾਲ ਪਹੁੰਚ ਰਹੇ ਹਨ।

ਇਹਨਾਂ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਕਿਸੇ ਪ੍ਰਸ਼ਾਸਨ ਦਾ ਡਰ ਤੱਕ ਨਹੀਂ ਰਿਹਾ ਹੈ, ਬਲਕਿ ਸਭ ਮਿਲੀ-ਭੁਗਤ ਨਾਲ ਹੀ ਚਲਦਾ ਆ ਰਿਹਾ ਹੈ। ਇਸ ਡਰੱਗਜ਼ ਮਾਫੀਏ ਦਾ ਨੈੱਟਵਰਕ ਬਹੁਤ ਵੱਡੇ ਪੱਧਰ 'ਤੇ ਫੈਲ ਚੁੱਕਾ ਹੈ। ਵੱਡੇ ਲੀਡਰਾਂ ਦਾ ਇਹਨਾਂ ਦੇ ਸਿਰਾਂ 'ਤੇ ਅਸ਼ੀਰਵਾਦ ਜੱਗ ਜ਼ਾਹਰ ਹੈ, ਜਿਸ ਨਾਲ ਹੇਠਲੇ ਪੱਧਰ ਦਾ ਪੁਲਿਸ ਅਫਸਰ ਤਾਂ ਇਹਨਾਂ ਨੂੰ ਹੱਥ ਪਾਉਣ ਤੋਂ ਵੀ ਕੰਨੀ ਕਤਰਾਉਂਦਾ ਹੈ। ਨਸ਼ਿਆਂ ਦੇ ਸ਼ਿਕਾਰ ਇਹਨਾਂ ਨੌਜਵਾਨਾਂ ਦੀ ਹਾਲਤ ਏਨੀ ਖਸਤਾ ਹੈ ਕਿ ਉਹ ਪੈਸੇ-ਪੈਸੇ ਦੇ ਮੋਹਤਾਜ ਹਨ। ਇੱਥੋਂ ਤੱਕ ਕਿ ਵਾਹ ਨਾ ਚੱਲਦੀ ਵੇਖ ਕੇ ਉਹ ਆਏ ਦਿਨ ਵੱਡੇ-ਵੱਡੇ ਅਪਰਾਧਾਂ ਨੂੰ ਨਸ਼ਿਆਂ ਦੀ ਪੂਰਤੀ ਲਈ ਚੰਦ ਰੁਪਈਆਂ ਦੀ ਖਾਤਰ ਦਿੰਦੇ ਹੋਏ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੇ ਰਹਿੰਦੇ ਹਨ। ਇਹਨਾਂ ਦੁਆਰਾ ਹਰ ਰੋਜ਼ ਕੀਤੀਆਂ ਜਾਂਦੀਆਂ ਛੋਟੀਆਂ-ਮੋਟੀਆਂ ਚੋਰੀਆਂ ਪੰਜਾਬ ਦੇ ਸ਼ਹਿਰਾਂ/ ਪਿੰਡਾਂ ਵਿਚ ਆਮ ਜਿਹੀ ਗੱਲ ਹੈ, ਜਿਨ੍ਹਾਂ ਵਿੱਚੋਂ ਬਹੁਤ ਘੱਟ ਦੀ ਸੂਚਨਾ ਪੁਲਸ ਤੱਕ ਪਹੁੰਚਦੀ ਹੈ। ਜਿੱਥੇ ਨਸ਼ੇ ਵੇਚਣ ਵਾਲਿਆਂ ਦੇ ਸਭ ਤੋਂ ਬਿਹਤਰ ਠਿਕਾਣੇ ਸਿੱਖਿਆ ਕੇਂਦਰ, ਜਿਵੇਂ ਸਕੂਲ/ਕਾਲਜ ਜਿਹਨਾਂ ਵਿੱਚ ਪੜ੍ਹਨ ਆ ਰਹੇ ਅੱਲੜ੍ਹ ਉਮਰ ਦੇ ਲੜਕੇ/ ਲੜਕੀਆਂ ਜੋ ਆਸਾਨੀ ਨਾਲ ਇਹਨਾਂ ਦੇ ਚੁੰਗਲ਼ ਵਿੱਚ ਫਸ ਕੇ ਨਸ਼ੇ ਦੇ ਆਦੀ ਬਣਦੇ ਜਾ ਰਹੇ ਹਨ, ਉਥੇ ਹੀ ਨਸ਼ਿਆਂ ਵੱਲ ਖਿੱਚੇ ਜਾਣ ਦਾ ਇਕ ਕਾਰਨ ਇਹ ਵੀ ਹੈ ਕਿ ਹਰ ਘਰ ਵਿੱਚ ਵਿਹਲਿਆਂ ਦੀ ਗਿਣਤੀ ਜ਼ਿਆਦਾ ਅਤੇ ਕੰਮ ਕਰਨ ਵਾਲਿਆਂ ਦੀ ਘੱਟ ਹੋਣਾ ਹੈ। ਵਿਹਲਾ ਵਿਅਕਤੀ ਪਰਵਾਰ ਉਤੇ ਬੋਝ ਬਣਦਾ ਹੈ ਅਤੇ ਉਹ ਬੋਝ ਬਣਨ ਕਾਰਨ ਫਿਟਕਾਰਾਂ ਦਾ ਸ਼ਿਕਾਰ ਵੀ ਹੁੰਦਾ ਹੈ। ਇਹ ਨਿੱਤ ਦੀਆਂ ਫਿਟਕਾਰਾਂ ਜਵਾਨੀ ਨੂੰ ਨਿਰਾਸ਼ਤਾ ਵੱਲ ਧੱਕ ਰਹੀਆਂ ਹਨ। ਜਿਸ ਖਿੱਤੇ ਦੇ ਲੋਕ ਐਨੀਆਂ ਸਮੱਸਿਆਵਾਂ ਦਾ ਸ਼ਿਕਾਰ ਹੋ ਰਹੇ ਹੋਣ, ਉਸ ਖਿੱਤੇ ਦੇ ਲੋਕ ਕਿੰਨੀ ਕੁ ਦੇਰ ਤੱਕ ਜਿਊਂਦੇ ਰਹਿ ਸਕਦੇ ਹਨ।

ਪੰਜਾਬ ਦੀ ਇਸ ਦੁਰਦਸ਼ਾ ਲਈ ਅੱਜ ਪੰਜਾਬ ਦੇ ਵਾਰੋ-ਵਾਰੀ ਸੱਤਾ ਦਾ ਆਨੰਦ ਭੋਗਣ ਵਾਲੇ ਸਾਡੇ ਲੀਡਰਾਂ ਦੇ ਨਾਲ-ਨਾਲ ਪ੍ਰਸ਼ਾਸਨਿਕ ਅਧਿਕਾਰੀ ਵੀ ਆਪਣੀ ਬਣਦੀ ਜ਼ਿੰਮੇਵਾਰੀ ਠੀਕ ਤਰ੍ਹਾਂ ਨਿਭਾਉਣ ਵਿੱਚ ਨਿਕਾਮ ਸਾਬਤ ਹੋਏ ਹਨ। ਜਿਸ ਦੀ ਮਿਸਾਲ ਸਹਿਜੇ ਹੀ ਮਿਲ ਜਾਂਦੀ ਹੈ ਕਿ ਮਾੜੇ-ਮੋਟੇ ਨਸ਼ੇ ਖਾਣ ਵਾਲੇ ਇੱਕਾ-ਦੁੱਕਾ ਨੂੰ ਫੜ ਕੇ ਖਾਨਾਪੂਰਤੀ ਕੀਤੀ ਜਾਂਦੀ ਹੈ, ਪਰ ਵੱਡੇ ਮਗਰਮੱਛਾਂ ਜਿਹਨਾਂ ਦੀ ਸਰਕਾਰੇ-ਦਰਬਾਰੇ ਤੂਤੀ ਬੋਲਦੀ ਹੈ, ਉਹਨਾਂ 'ਤੇ ਦਰਿਆ ਦਿਲੀ ਵਾਲੀ ਨੀਤੀ ਕਿਉਂ ਰੱਖੀ ਜਾਂਦੀ ਹੈ। ਪਿਛਲੇ ਸਮੇਂ ਤੋਂ ਵੱਖ-ਵੱਖ ਸਰਕਾਰਾਂ ਅਖ਼ਬਾਰੀ ਬਿਆਨਾਂ ਨਾਲ ਹੀ ਲੋਕਾਂ ਦਾ ਢਿੱਡ ਭਰਦੀਆਂ ਆ ਰਹੀਆਂ ਹਨ ਕਿ ਅਸੀਂ ਨਸ਼ਿਆਂ ਦਾ ਲੱਕ ਤੋੜ ਦਿਆਂਗੀਆ, ਪਰ ਇਸ ਦਾ ਜ਼ਮੀਨੀ ਪੱਧਰ 'ਤੇ ਕੋਈ ਵੀ ਨਤੀਜਾ ਸਾਹਮਣੇ ਨਾ ਆਉਣਾ ਹੀ ਇਹਨਾਂ ਲੋਕਾਂ ਦੀ ਮਿਲੀਭੁਗਤ ਨੂੰ ਜੱਗ ਜ਼ਾਹਰ ਕਰਦਾ ਹੈ।

ਭਾਵੇਂ ਕਿ ਪਿੰਡਾਂ ਅੰਦਰ ਲੋਕਾਂ ਦੁਆਰਾ ਨਸ਼ਿਆਂ ਦੇ ਖਿਲਾਫ ਇੱਕ ਜ਼ੋਰਦਾਰ ਮੁਹਿੰਮ ਵਿੱਢੀ ਹੋਈ ਹੈ, ਪਰ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਤੋਂ ਲੋਕ ਨਾ-ਖੁਸ਼ ਹਨ।

ਅੱਜ ਅਫਸੋਸ ਪੰਜਾਬ ਦੀ ਜਵਾਨੀ ਨਸ਼ੇ ਦੇ ਵਗ ਰਹੇ ਇਸ ਛੇਵੇਂ ਦਰਿਆ 'ਚ ਡੁੱਬਦੀ ਜਾ ਰਹੀ ਹੈ। ਸ਼ਾਇਦ ਇਹ ਸਤਰਾਂ ਸਾਡੇ 'ਤੇ ਮਖੌਲ ਨਾ ਬਣ ਜਾਣ ਕਿ ਜਿੱਥੇ ਪੰਜਾਬ ਦੇ ਜਵਾਨ ਮੌਤ ਨੂੰ ਮਖੌਲਾਂ ਕਰਦੇ ਸਨ। ਸ਼ਾਇਦ ਨਸ਼ਿਆਂ ਵਿਚ ਜਿਵੇਂ ਗਰਕ ਹੋ ਰਹੇ ਹਨ, ਮੌਤ ਇਹਨਾਂ ਨੂੰ ਮਖੌਲ ਕਰਦੀ ਪਈ ਹੈ। ਉਲਟਾ ਫ਼ੇਰ ਪੰਜਾਬ ਦੀ ਜਵਾਨੀ ਲਈ ਚੱਲ ਪਿਆ ਹੈ।

**# ਸੰਪਰਕ : 78379-17054**

# ਇੱਕ ਭਗਤ ਸਿੰਘ ਇਹ ਵੀ...!

**ਕਸ਼ਮੀਰ ਸਿੰਘ ਔਲਖ**

ਕਹਿੰਦੇ ਹਨ ਕਿ ਜ਼ਿੰਦਗੀ ਵੀ ਇੱਕ ਅਜ਼ੀਮ ਸ਼ੈਅ ਹੈ। ਇਸ ਦੁਨੀਆ ਉੱਤੇ ਵਕਤ ਦੇ ਵਾਅ-ਵਰੋਲਿਆਂ ਵਿੱਚ ਪਤਾ ਹੀ ਨਹੀਂ ਕਿੰਨੇ ਹੀਰੇ ਗਿਰ ਗੁਆਚ ਜਾਂਦੇ ਹਨ ਤੇ ਕਿੰਨੇ ਇਸ ਕੁੰਦਨ ਦੀ ਭੱਠੀ ਵਿੱਚ ਤਪ ਕੇ ਆਪਣੇ ਆਪ ਨੂੰ ਚਮਕਾ ਲੈਂਦੇ ਹਨ। ਕਿੰਨੇ ਹੀ ਚਾਅ ਅਧੂਰੇ ਸੁਪਨਿਆਂ ਦੀਆਂ ਅਧੂਰੀਆਂ ਨੀਂਦਾਂ ਵਿੱਚ ਡਰਾਵਣੇ ਦਬਾ ਬਣ ਜਾਂਦੇ ਹਨ ਤੇ ਕਿੰਨੀਆਂ ਇੱਛਾਵਾਂ ਅੰਬਰਾਂ 'ਤੇ ਪੀਂਘਾਂ ਪਾਉਣ ਦੇ ਕਾਬਿਲ ਬਣ ਜਾਂਦੀਆਂ ਹਨ। ਗੱਲ ਮੌਕੇ ਤੇ ਹਾਲਾਤ ਦੀ ਹੁੰਦੀ ਹੈ, ਕਿਸੇ ਥਾਮਸ ਐਡੀਸ਼ਨ ਲਈ ਘਰ ਦਾ ਹਨੇਰਾ ਪੂਰੀ ਦੁਨੀਆ ਨੂੰ ਰੋਸ਼ਨ ਕਰਨ ਦਾ ਜ਼ਰੀਆ ਬਣ ਜਾਂਦਾ ਹੈ ਤੇ ਕਿਸੇ ਨਿਊਟਨ ਲਈ ਸੇਬ ਦਾ ਧਰਤੀ 'ਤੇ ਡਿੱਗਣਾ ਧਰਤੀ ਦੀਆਂ ਗਰੂਤਾਂ ਦੀਆਂ ਖਿੱਚਾਂ ਲੱਭਣ ਤੱਕ ਲੈ ਜਾਂਦਾ ਹੈ।

ਜ਼ਿੰਦਗੀ ਹਰ ਕਿਸੇ ਲਈ ਅਲੱਗ-ਅਲੱਗ ਤਰ੍ਹਾਂ ਦੇ ਜੰਗ ਦੇ ਮੈਦਾਨ ਬਖਸ਼ਦੀ ਅਤੇ ਪਰਖਦੀ ਹੈ ਤੇ ਫਿਰ ਦੂਰ ਖੜ ਕੇ ਤਮਾਸ਼ਾ ਦੇਖਦੀ ਹੈ ਕਿ ਕਿਹੜਾ ਸਾਰਥੀ ਆਪਣੇ ਚੱਕਰਵਿਊ ਤੋੜ ਕੇ ਮੈਦਾਨੇ ਜੰਗ ਵਿੱਚ ਜਿੱਤ ਦੇ ਪਰਚਮ ਲਹਿਰਾਉਂਦਾ ਹੈ। ਪਿਛਲੇ ਕਈ ਸਾਲ ਸਿੱਖਿਆ ਵਿਭਾਗ ਦੇ ਪ੍ਰੋਜੈਕਟ 'ਪੜ੍ਹੋ ਪੰਜਾਬ, ਪੜ੍ਹਾਉ ਪੰਜਾਬ' ਵਿੱਚ ਕੰਮ ਕਰਨ ਤੋਂ ਬਾਅਦ ਅਪ੍ਰੈਲ 2023 ਵਿੱਚ ਆਪਣੇ ਪਿੱਤਰੀ ਸਕੂਲ ਵਿੱਚ ਆ ਹਾਜ਼ਰ ਹੋਏ। ਹਰ ਕੰਮ ਦੇ ਆਪਣੇ ਤਜਰਬਿਆਂ ਮੁਤਾਬਿਕ ਇਸ ਪ੍ਰੋਜੈਕਟ ਦੌਰਾਨ ਪੰਜਾਬ ਦੇ ਕਈ ਜ਼ਿਲ੍ਹਿਆਂ ਦੇ ਵੱਖ-ਵੱਖ ਸਕੂਲਾਂ ਵਿੱਚ ਜਾਣ ਦਾ ਮੌਕਾ ਮਿਲਿਆ ਅਤੇ ਵੱਖ-ਵੱਖ ਟ੍ਰੇਨਿੰਗਾਂ ਦੌਰਾਨ ਬਹੁਤ ਕੁਝ ਨਵਾਂ ਸਿੱਖਿਆ। ਇਹਨਾਂ ਸਿੱਖੇ ਹੋਏ ਤਜਰਬਿਆਂ ਅਤੇ ਅਨੁਭਵਾਂ ਨੂੰ ਆਪਣੇ ਸਕੂਲ ਅਤੇ ਬੱਚਿਆਂ ਉੱਪਰ ਅਜ਼ਮਾਉਣ ਦਾ ਕਾਰਜ ਆਰੰਭਿਆ। ਸਕੂਲ ਵਿੱਚ ਵੱਖ-ਵੱਖ ਤਕਨੀਕਾਂ ਨੂੰ ਲਾਗੂ ਕਰਦਿਆਂ 'ਤੇ ਸਕੂਲ ਦਾ ਚਿਹਰਾ-ਮੁਹਰਾ ਸੁਧਾਰਦਿਆਂ ਖਿਆਲ ਆਇਆ ਕਿ ਇਸ ਵਾਰ 15 ਅਗਸਤ ਦੇ ਹੁੰਦੇ ਤਹਿਸੀਲ ਪੱਧਰੀ ਸਮਾਗਮਾਂ ਵਿੱਚ ਬੱਚਿਆਂ ਦੀ ਭਾਗੀਦਾਰੀ ਕਰਵਾਈ ਜਾਵੇ। ਕਾਫੀ ਵੰਨਗੀਆਂ ਨੂੰ ਵਿਚਾਰਦਿਆਂ ਤੇ ਕਾਫੀ ਜੱਦੋ-ਜਹਿਦ ਕਰਕੇ ਅਖੀਰ ਇੱਕ ਕੋਰਿਉਗ੍ਰਾਫੀ ਕਰਨ ਦਾ ਮਨ ਬਣਿਆ। ਪ੍ਰਾਇਮਰੀ ਪੱਧਰ ਦੇ ਬੱਚੇ ਹੋਣ ਕਰਕੇ ਅਤੇ ਪਹਿਲਾ ਤਜਰਬਾ ਹੋਣ ਕਰਕੇ ਵੱਖ-ਵੱਖ ਪਾਤਰਾਂ ਲਈ ਬੱਚਿਆਂ ਦੀ ਚੋਣ ਅਤੇ ਤਿਆਰੀ ਕੋਈ ਸੌਖਾ ਕੰਮ ਨਹੀਂ ਸੀ ਜਿਸ ਲਈ ਬਹੁਤ ਮਿਹਨਤ ਕਰਨੀ ਪਈ। ਸਕੂਲ ਸਮੇਂ ਤੋਂ ਬਾਅਦ ਰਿਹਰਸਲਾਂ ਕੀਤੀਆਂ ਜਾਣ ਲੱਗੀਆਂ। ਇਹ ਕੋਰਿਉਗ੍ਰਾਫੀ ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ 'ਤੇ ਹੋਣ ਕਰਕੇ ਇਸ ਵਿੱਚ ਇੱਕ ਸੀਨ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਫਾਂਸੀ ਦਾ ਵੀ ਸੀ। ਕਈ ਦਿਨ ਤਿਆਰੀ ਕਰਕੇ ਬੱਚੇ ਆਪੋ-ਆਪਣੇ ਕਿਰਦਾਰਾਂ ਵਿੱਚ ਢਲਦੇ ਜਾਪੇ। ਤਹਿਸੀਲ ਪੱਧਰੀ ਰਿਹਰਸਲਾਂ ਵਿੱਚ ਵੀ ਵਧੀਆ ਕਾਰਗੁਜ਼ਾਰੀ ਕਰਕੇ ਕੋਰਿਉਗ੍ਰਾਫੀ ਸਿਲੈਕਟ ਹੁੰਦੀ ਜਾਪੀ।

ਪਰ ਕਹਿੰਦੇ ਨੇ ਕੁਝ ਗੱਲਾਂ ਪਤਾ ਨਹੀਂ ਕੀ ਦਿਖਾਉਣ ਲਈ ਕਿਹੜੇ ਰਾਹਾਂ 'ਤੇ ਲੈ ਜਾਂਦੀਆਂ ਹਨ, ਅਚਾਨਕ ਕੀ ਹੋਇਆ ਕਿ ਜੋ ਬੱਚਾ ਭਗਤ ਸਿੰਘ ਦਾ ਰੋਲ ਕਰ ਰਿਹਾ ਸੀ ਉਹ ਕਿਸੇ ਘਰੇਲੂ ਮਜਬੂਰੀ ਕਰਕੇ ਆਪਣੇ ਮਾਤਾ ਨਾਲ ਰਿਸ਼ਤੇਦਾਰੀ ਵਿੱਚ ਚਲਾ ਗਿਆ। 15 ਅਗਸਤ ਵੀ ਨਜ਼ਦੀਕ ਆ ਰਹੀ ਸੀ। ਰੋਲ ਲਈ ਹੋਰ ਬੱਚਾ ਲੱਭਣਾ ਅਤੇ ਉਸ ਦੀ ਤਿਆਰੀ ਦਾ ਨਵਾਂ ਸੰਕਟ ਖੜ੍ਹਾ ਹੋ ਗਿਆ। ਲਿਆ ਗਿਆ ਸੁਪਨਾ ਖੇਰੂੰ-ਖੇਰੂੰ ਹੁੰਦਾ ਨਜ਼ਰ ਆਇਆ। ਮਨ ਸੋਚ ਰਿਹਾ ਸੀ ਕਿ ਏਨੇ ਦਿਨਾਂ ਦੀ ਮਿਹਨਤ ਅਜ਼ਾਈਂ ਹੀ ਚਲੀ ਗਈ, ਪਰ ਪਤਾ ਨਹੀਂ ਫਿਰ ਵੀ ਕਿਸ ਹੌਂਸਲੇ ਨੇ ਉਂਗਲ ਫੜੀ ਰੱਖੀ। ਕਾਫੀ ਕੋਸ਼ਿਸ਼ਾਂ ਤੋਂ ਬਾਅਦ ਇੱਕ ਬੱਚਾ ਉਸ ਰੋਲ ਦੇ ਲਈ ਢੁਕਵਾਂ ਜਾਪਿਆ, ਪ੍ਰੰਤੂ ਉਸ ਦੀ ਮੁਸ਼ਕਿਲ ਇਹ ਸੀ ਕਿ ਉਹ ਬਹੁਤ ਘੱਟ ਸਕੂਲ ਆਉਂਦਾ ਸੀ, ਪਰ ਕੁਦਰਤੀ ਉਸ ਦਿਨ ਉਹ ਸਕੂਲ ਆਇਆ ਹੋਇਆ ਸੀ। ਉਸ ਨਾਲ ਉਸ ਦਿਨ ਦੀ ਰਿਹਰਸਲ ਪੂਰੀ ਕੀਤੀ। ਉਸ ਦੀ ਪ੍ਰਫਾਰਮੈਂਸ ਵਧੀਆ ਲੱਗੀ। ਉਹੀ ਗੱਲ ਹੋਈ, ਉਹ ਅਗਲੇ ਦਿਨ ਫਿਰ ਸਕੂਲ ਨਾ ਆਇਆ। ਮੈਂ ਆਪਣੇ ਅਧਿਆਪਕ ਸਾਥੀ ਨੂੰ ਨਾਲ ਲੈ ਕੇ ਉਸ ਦੇ ਘਰ ਗਿਆ ਤੇ ਉਹ ਘਰ ਨਹੀਂ ਸੀ। ਮਨ ਕਾਹਲਾ ਪੈਣ ਲੱਗਿਆ, ਪਰ ਉਸ ਵਕਤ ਬੱਚੇ ਦੇ ਘਰ ਦੇ ਹਾਲਾਤ ਦੇਖ ਕੇ ਮਨ ਤਰਸ ਅਤ ਵੈਰਾਗ ਨਾਲ ਪਸੀਜਿਆ ਗਿਆ ਤੇ ਮੈਨੂੰ ਕੋਰੀਓਗ੍ਰਾਫੀ ਸੱਚੀਂ ਭੁੱਲ-ਵਿਸਰ ਗਈ। ਇੱਕ ਹੀ ਕਮਰਾ। ਉਸ ਵਿੱਚ ਹੀ ਖਾਣਾ ਬਣਾਉਣਾ, ਉਸ ਵਿੱਚ ਹੀ ਨਹਾਉਣਾ, ਉਸ ਵਿੱਚ ਹੀ ਸੌਣਾ, ਕੱਪੜਿਆਂ ਤੇ ਸਮਾਨ ਦਾ ਖਿਲਾਰਾ। ਦੇਖਿਆ ਕਿ ਇਸ ਬੱਚੇ ਦੀ ਮਾਂ ਨਹੀਂ ਹੈ। ਬਾਪੂ ਕਿਸੇ ਨਾਲ ਖੇਤਾਂ ਵਿੱਚ ਮਜ਼ਦੂਰੀ ਕਰਦਾ ਹੈ। ਉਹ ਸਵੇਰੇ ਹੀ ਕੰਮ 'ਤੇ ਚਲਿਆ ਜਾਂਦਾ ਹੈ ਤੇ ਸ਼ਾਮ ਨੂੰ ਹਨੇਰੇ ਹੋਏ ਘਰ ਮੁੜਦਾ ਹੈ। ਘਰ ਵਿੱਚ ਸਿਰਫ ਇੱਕ ਅਪਾਹਜ ਚਾਚਾ ਹੀ ਹੈ ਤੇ ਉਹ ਵੀ ਚੱਲਣ-ਫਿਰਨ ਤੋਂ ਅਸਮਰਥ। ਉਸ ਤੋਂ ਹੀ ਪਤਾ ਚੱਲਿਆ ਕਿ ਬੱਚਾ ਗੁਆਂਢ ਵਿੱਚ ਕਿਸੇ ਭੰਡਾਰੇ ਵਿੱਚ ਚਲਾ ਗਿਆ ਹੋ ਸਕਦਾ ਹੈ। ਅਸੀਂ ਉਸ ਨੂੰ ਲੱਭਣ ਉੱਧਰ ਨੂੰ ਹੋ ਤੁਰੇ। ਬੜੀ ਮੁਸ਼ਕਲ ਨਾਲ ਬੱਚੇ ਨੂੰ ਉੱਥੋਂ ਲੱਭਿਆ। ਪਿਆਰ ਨਾਲ ਸਮਝਾ ਕੇ ਸਕੂਲ ਲਿਆਂਦਾ। ਉੱਥੇ ਨਹ੍ਹਾ-ਧੁਆ ਕੇ ਤੇ ਕਿਸੇ ਦੇ ਘਰੋਂ ਹੋਰ ਕੱਪੜੇ ਪਵਾ ਕੇ ਤਿਆਰ ਕੀਤਾ। ਫਿਰ ਅਸੀਂ ਕੋਰਿਉਗ੍ਰਾਫੀ ਦੀ ਰਿਹਰਸਲ ਸ਼ੁਰੂ ਕੀਤੀ। ਰਿਹਰਸਲ ਲਈ ਤੇ ਉਸ ਦੇ ਅੱਗੇ ਤੋਂ ਤਿਆਰ ਹੋ ਕੇ ਸਕੂਲ ਆਉਣ ਲਈ ਚਿੰਤਾ ਕਰਦਿਆਂ ਸਕੂਲ ਦੀ ਕੰਮ ਵਾਲੀ ਮਾਈ ਨੂੰ ਬੇਨਤੀ ਕੀਤੀ ਕਿ ਉਹ ਇਸ ਨੂੰ ਫਾਇਨਲ ਪ੍ਰੋਗਰਾਮ ਤੱਕ ਆਪਣੇ ਕੋਲ ਰੱਖ ਲਵੇ। ਉਸ ਨੇ ਵੀ ਵੱਡਾ ਦਿਲ ਦਿਖਾਉਂਦਿਆਂ ਇਸ ਲਈ ਹਾਂ ਕਰ ਦਿੱਤੀ। ਅਖੀਰ ਫਾਇਨਲ ਪ੍ਰੋਗਰਾਮ ਦਾ ਦਿਨ ਆਇਆ ਤੇ ਅਸੀਂ ਬੱਚਿਆਂ ਨੂੰ ਲੈ ਕੇ ਪਹੁੰਚੇ। ਬੱਚਿਆਂ ਦੀ ਪੇਸ਼ਕਾਰੀ ਬਹੁਤ ਕਮਾਲ ਦੀ ਰਹੀ। ਸਾਡਾ ਭਗਤ ਸਿੰਘ ਮੇਕਅੱਪ ਵਿੱਚ ਪੂਰੀ ਤਰ੍ਹਾਂ ਜਚ ਰਿਹਾ ਸੀ।

ਸਾਰੇ ਬਹੁਤ ਖੁਸ਼ ਸਨ। ਮਾਣਯੋਗ ਵਿਧਾਇਕ ਸਾਹਿਬ ਅਤੇ ਐੱਸ ਡੀ ਐੱਮ. ਸਾਹਿਬ ਨੇ ਵਿਸ਼ੇਸ਼ ਪ੍ਰਸੰਸਾ ਕੀਤੀ। ਜਦੋਂ ਅਸੀਂ ਬੱਚਿਆਂ ਨੂੰ ਇੱਕ ਪਾਸੇ 'ਤੇ ਬਿਠਾ ਰਹੇ ਸਾਂ ਤਾਂ ਇੱਕ ਅਜੀਬ ਦ੍ਰਿਸ਼ ਦੇਖਣ ਨੂੰ ਮਿਲਿਆ ਕਿ ਇੱਕ ਮੈਡਮ ਭਗਤ ਸਿੰਘ ਨੂੰ ਬੁੱਕਲ ਵਿੱਚ ਲੈ ਕੇ ਰੋ ਰਹੇ ਸਨ। ਬਾਕੀ ਅਧਿਆਪਕਾਂ ਦੀਆਂ ਅੱਖਾਂ ਵਿੱਚ ਵੀ ਹੰਝੂ ਸਨ। ਉਹ ਛਲਕਦੀਆਂ ਅੱਖਾਂ ਨਾਲ ਦੱਸ ਰਹੀਆਂ ਸਨ ਕਿ ਅੱਜ ਦੀ ਪੇਸ਼ਕਾਰੀ ਵਿੱਚ ਇਹ ਬੱਚਾ ਸਭ ਤੋਂ ਸੋਹਣਾ ਲੱਗ ਰਿਹਾ ਸੀ। ਉਸ ਦੀ ਪੇਸ਼ਕਾਰੀ ਨੇ ਸਾਰੇ ਦਰਸ਼ਕਾਂ ਦਾ ਮਨ ਮੋਹ ਲਿਆ ਸੀ। ਇਸ ਪ੍ਰੋਗਰਾਮ ਦਾ ਇੱਕ ਅਸਰ ਇਹ ਵੀ ਹੋਇਆ ਕਿ ਹੁਣ ਉਹ ਬੱਚਾ ਹਰ ਰੋਜ਼ ਸਕੂਲ ਆਉਂਦਾ ਹੈ ਅਤੇ ਆਪਣਾ ਕੰਮ ਕਰਨ ਦੇ ਨਾਲ-ਨਾਲ ਸਕੂਲ ਦੇ ਹੋਰ ਕੰਮਾਂ ਵਿੱਚ ਵੀ ਵਧ-ਚੜ੍ਹ ਕੇ ਹਿੱਸਾ ਲੈਂਦਾ ਹੈ। ਸਾਰੇ ਅਧਿਆਪਕ ਵੀ ਉਸ ਦਾ ਵਿਸੇਸ ਧਿਆਨ ਰੱਖਦੇ ਹਨ। ਹੁਣ ਜਦੋਂ ਵੀ ਸਿਲੇਬਸ ਵਿੱਚ ਭਗਤ ਸਿੰਘ ਦੀਆਂ ਕਹਾਣੀਆਂ ਜਾਂ ਕਵਿਤਾਵਾਂ ਪੜ੍ਹਦਾ ਜਾਂ ਪੜ੍ਹਾਉਂਦਾ ਹਾਂ ਤਾਂ ਆਪ-ਮੁਹਾਰੇ ਹੀ ਨਜ਼ਰ ਮੇਰੀ ਇਸ ਬੱਚੇ ਉੱਪਰ ਚਲੀ ਜਾਂਦੀ ਹੈ। ਉਸ ਦੇ ਘਰ ਦੇ ਹਾਲਾਤ ਇੱਕ ਵਾਰ ਫਿਰ ਮਨ ਦੇ ਪਰਦੇ 'ਤੇ ਘੁੰਮ ਜਾਂਦੇ ਹਨ। ਵੀਰਗਤੀ ਦੀ ਵਾਰਤਾ ਸੁਣਾਉਂਦਿਆਂ ਪਤਾ ਹੀ ਕਦੋਂ ਆਪਣੇ ਆਪ ਮੂੰਹੋਂ ਨਿਕਲ ਜਾਂਦਾ ਹੈ, ਇੱਕ ਭਗਤ ਸਿੰਘ ਇਹ ਵੀ...!

**# ਸੰਪਰਕ : 90345-08700**

17-JAN-PAGE-5.qxd 1/16/2024 10:28 PM Page 1



# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਮੀਟਿੰਗ 'ਚ ਦਿੱਲੀ ਮੋਰਚੇ ਸੰਬੰਧੀ ਕੀਤੀ ਵਿਉਂਤਬੰਦੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੇ ਸਾਰੇ ਜ਼ੋਨਾਂ ਦੇ ਪ੍ਰਧਾਨ ਤੇ ਕਮੇਟੀ ਮੈਂਬਰਾਂ ਦੀ ਮੀਟਿੰਗ ਪਿੰਡ ਆਸਲ ਵਿਖੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਸੂਬਾ ਮੀਤ ਪ੍ਰਧਾਨ ਜਸਬੀਰ ਸਿੰਘ ਪਿੱਦੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਦੌਰਾਨ ਕਿਸਾਨ ਆਗੂਆਂ ਨੇ 13 ਫ਼ਰਵਰੀ ਤੋਂ ਦਿੱਲੀ ਵਿਖੇ ਲੱਗਣ ਵਾਲੇ ਮੋਰਚੇ ਦੀਆਂ ਤਿਆਰੀਆਂ ਕਰਨ, 26 ਜਨਵਰੀ ਨੂੰ ਕੈਂਡਲ ਮਾਰਚ ਕਰਨ, 29 ਜਨਵਰੀ ਨੂੰ ਜ਼ੋਨ ਪੱਧਰੀ ਪੁਤਲੇ ਫੂਕ ਕੇ ਤੇ ਜ਼ੋਨ ਪੱਧਰੀ ਟਰੈਕਟਰ ਮਾਰਚ ਕਰਕੇ ਵੱਧ ਤੋਂ ਵੱਧ ਕਿਸਾਨਾਂ ਮਜ਼ਦੂਰਾਂ ਨੂੰ ਲੱਗਣ ਵਾਲੇ ਦਿੱਲੀ ਮੋਰਚੇ ਬਾਰੇ ਜਾਗ੍ਰਿਤ ਕਰਕੇ ਹਰੇਕ ਪਿੰਡ ਵਿੱਚੋਂ ਟਰੈਕਟਰ, ਟਰਾਲੀਆਂ, ਖਾਣ-ਪੀਣ ਦੇ ਪ੍ਰਬੰਧ, ਝੰਡਿਆਂ ਦੇ ਪ੍ਰਬੰਧ ਕਰਕੇ, ਘਰਾਂ ਦੇ ਕੰਮਕਾਜ ਨਿਬੇੜ ਕੇ ਤੇ ਲੰਮੀ ਲੜਾਈ ਲੜਨ ਲਈ ਤਿਆਰ ਰਹਿਣਾ ਪਵੇਗਾ ਤੇ ਪਿੰਡਾਂ ਦੀਆਂ ਸਾਰੀਆਂ ਇਕਾਈਆਂ ਦੀਆਂ ਮੀਟਿੰਗਾਂ ਕਰਕੇ ਵੱਧ ਤੋਂ ਵੱਧ ਫੰਡ ਇਕੱਠੇ ਕਰਨ ਤੇ ਦੇਸ਼ ਨੂੰ ਲੁੱਟਣ ਵਾਲੇ ਕਾਰਪੋਰੇਟ ਹਾਕਮਾਂ ਤੋਂ ਆਰਥਿਕ ਸੋਮੇ ਬਚਾਉਣ, ਕਿਸਾਨਾਂ, ਮਜ਼ਦੂਰਾਂ ਨੂੰ ਸਾਰੀਆਂ ਫ਼ਸਲਾਂ ਦੀ ਡਾ. ਸੁਆਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਐੱਮ ਐੱਸ ਪੀ ਦਿਵਾਉਣ, ਲਖੀਮਪੁਰ ਖੀਰੀ ਕਾਂਡ ਦਾ ਇਨਸਾਫ ਲੈਣ, ਬਿਜਲੀ ਦਾ ਨਿੱਜੀਕਰਨ ਰੋਕਣ, ਕਿਸਾਨਾਂ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਵੱਟੇ ਖਾਤੇ ਪਾ ਕੇ ਖਤਮ ਕਰਨ, ਵਿਸ਼ਵ ਵਪਾਰ ਸੰਸਥਾ ਦੇ ਦਬਾਅ ਹੇਠ ਕੀਤੇ ਸਮਝੌਤੇ ਰੱਦ ਕੀਤੇ ਜਾਣ, ਕਿਸਾਨਾਂ ਮਜ਼ਦੂਰਾਂ ਦੇ ਸੰਘਰਸ਼ਾਂ ਦੌਰਾਨ ਕੀਤੇ ਪਰਚੇ ਰੱਦ ਕਰਨ, ਅਬਾਦਕਾਰਾਂ ਨੂੰ ਪੱਕੇ ਮਾਲਕੀ ਹੱਕ ਦੇਣ, ਨਸ਼ਿਆਂ ਦੀ ਰੋਕਥਾਮ, ਦਫ਼ਤਰਾਂ ਵਿੱਚ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ, ਮਨਰੇਗਾ ਸਕੀਮ ਤਹਿਤ ਕੰਮ ਦੇਣ, ਅਬਾਦਕਾਰਾਂ ਨੂੰ ਪੱਕੇ ਮਾਲਕੀ ਹੱਕ ਦੇਣ ਆਦਿ ਮਸਲਿਆਂ ਨੂੰ ਲਾਗੂ ਕਰਵਾਇਆ ਜਾਵੇਗਾ।ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ ਜ਼ਿਲ੍ਹੇ ਅੰਦਰ ਨਸ਼ਿਆਂ ਦਾ ਕਾਰੋਬਾਰ ਪੂਰੇ ਧੜੱਲੇ ਨਾਲ਼ ਚੱਲ ਰਿਹਾ ਹੈ ਤੇ ਪੁਲਸ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ, ਜਿਸ 'ਤੇ ਜਲਦੀ ਹੀ ਜਥੇਬੰਦੀ ਵੱਲੋਂ ਸੰਘਰਸ਼ ਦਾ ਐਲਾਨ ਵੀ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ।ਇਸ ਮੌਕੇ ਗੁਰਮੇਲ ਸਿੰਘ ਫੱਤੇਵਾਲਾ, ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ, ਨਰਿੰਦਰਪਾਲ ਸਿੰਘ ਜਤਾਲਾ, ਅਮਨਦੀਪ ਸਿੰਘ ਕੱਚਰਭੰਨ, ਵੀਰ ਸਿੰਘ ਨਿਜਾਮਦੀਨ ਵਾਲਾ, ਹਰਫੂਲ ਸਿੰਘ ਦੂਲੇ ਵਾਲੇ, ਸੁਰਜੀਤ ਸਿੰਘ ਫੌਜੀ, ਮੰਗਲ ਸਿੰਘ, ਬਲਰਾਜ ਸਿੰਘ ਫੇਰੋਕੇ, ਮੱਖਣ ਸਿੰਘ ਵਾੜਾ, ਬੂਟਾ ਸਿੰਘ ਕਰੀਕਲਾ, ਮੱਸਾ ਸਿੰਘ, ਗੁਰਮੁੱਖ ਸਿੰਘ, ਅਵਤਾਰ ਸਿੰਘ, ਗੁਰਨਾਮ ਸਿੰਘ ਅਲੀਕੇ, ਲਖਵਿੰਦਰ ਸਿੰਘ, ਵਰਿੰਦਰ ਕੱਸੋਆਣਾ, ਗੁਰਮੇਲ ਸਿੰਘ, ਅਵਤਾਰ ਸਿੰਘ ਫਿਰੋਜ਼ਪੁਰ, ਗੁਰਭੇਜ ਸਿੰਘ ਟਿੱਬੀ, ਅਮਰਜੀਤ ਸਿੰਘ, ਸੁਖਦੇਵ ਸਿੰਘ, ਭੁਪਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

# ਭਲਕ ਦੀ ਮੀਟਿੰਗ 'ਚ ਮੰਗਾਂ ਦਾ ਹੱਲ ਨਾ ਹੋਇਆ ਤਾਂ ਸੰਘਰਸ਼ ਨੂੰ ਤੇਜ਼ ਕਰਾਂਗੇ : ਮੱਲੇਵਾਲ

## ਵਰਕਰਾਂ ਦੀਆਂ ਹੱਕੀ ਮੰਗਾਂ ਦਾ ਸਰਕਾਰ ਜਲਦੀ ਹੱਲ ਕਰੇ



**ਨਾਭਾ (ਵਰਿੰਦਰ ਵਰਮਾ)**-ਜਲ ਸਪਲਾਈ ਸੈਨੀਟੇਸ਼ਨ ਵਰਕਰ ਯੂਨੀਅਨ (ਰਜਿ.26) ਬ੍ਰਾਂਚ ਨਾਭਾ ਵੱਲੋਂ ਬ੍ਰਾਂਚ ਪ੍ਰਧਾਨ ਹਰਦੇਵ ਸਿੰਘ ਮੱਲੇਵਾਲ ਦੀ ਅਗਵਾਈ ਵਿੱਚ ਮੀਟਿੰਗ ਕੀਤੀ ਗਈ, ਜਿਸ ਵਿੱਚ ਕਾਮਿਆਂ ਵੱਲੋਂ 10 ਜਨਵਰੀ 2024 ਨੂੰ ਆਪਣੀਆਂ ਹੱਕੀ ਮੰਗਾਂ ਦੇ ਸਬੰਧ ਵਿੱਚ ਨਿਗਰਾਨ ਇੰਜੀਨੀਅਰ ਦੇ ਦਫਤਰ ਪਟਿਆਲਾ ਵਿਖੇ ਰੋਸ ਧਰਨਾ ਲਗਾਇਆ ਗਿਆ ਸੀ।

ਇਸ ਮੌਕੇ ਮੰਗਾਂ ਬਾਰੇ ਵਿਚਾਰ ਚਰਚਾ ਕੀਤੀ ਗਈ ਕਿ ਲੰਮਾ ਸਮਾਂ ਲਿਸਟਮੈਂਟ ਪਾਲਿਸੀ ਤਹਿਤ ਕੰਮ ਕਰਦੇ ਵਰਕਰਾਂ ਨੂੰ ਨਾ ਤਾਂ ਸਮੇਂ ਤੇ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ ਤੇ ਨਾ ਹੀ ਤਨਖਾਹਾਂ ਵਿੱਚ ਉਚਿਤ ਵਾਧਾ ਕੀਤਾ ਜਾ ਰਿਹਾ ਹੈ। ਕਾਰਜਕਾਰੀ ਇੰਜੀਨੀਅਰ ਮੰਡਲ 1 ਪਟਿਆਲਾ ਤੇ ਨਿਗਰਾਨ ਇੰਜੀਨੀਅਰ ਸਰਕਲ ਪਟਿਆਲਾ ਵੱਲੋਂ ਜਥੇਬੰਦੀ ਦੇ ਸੰਘਰਸ਼ ਸਦਕਾ ਵਰਕਰਾਂ ਦੀਆਂ ਮੰਗਾਂ ਦਾ ਹੱਲ ਕਰਾਉਣ ਲਈ ਵਿਭਾਗੀ ਮੁਖੀ ਮੋਹਾਲੀ ਨੂੰ ਤਨਖਾਹਾਂ ਦੇ ਵਾਧੇ ਦੀ ਪ੍ਰਪੋਜਲ ਲਈ ਨੋਟ ਭੇਜ ਦਿੱਤਾ ਹੈ ਅਤੇ ਉਨ੍ਹਾ ਨੇ ਜਥੇਬੰਦੀ ਨੂੰ ਭਰੋਸਾ ਦਿਵਾਇਆ ਹੈ ਕਿ ਵਰਕਰਾਂ ਨੂੰ ਤਨਖਾਹਾਂ ਵਿੱਚ ਉਚਿਤ ਵਾਧਾ ਮਨਜ਼ੂਰ ਕਰਵਾ ਕੇ ਵਿਤਕਰਾ ਬੰਦ ਕੀਤਾ ਜਾਵੇਗਾ। ਯਾਦ ਰਹੇ ਕਿ ਜਥੇਬੰਦੀ ਨੂੰ ਸੰਘਰਸ਼ ਸਦਕਾ ਪਸ਼ਾਸਨ ਪਟਿਆਲਾ ਨੇ ਮਸਲੇ ਨੂੰ ਹੱਲ ਕਰਨ ਲਈ ਵਿਭਾਗੀ ਮੁਖੀ ਮੋਹਾਲੀ ਦਾ ਮੀਟਿੰਗ ਦਾ ਸਮਾਂ 18 ਜਨਵਰੀ ਨੂੰ ਦਿਵਾਇਆ ਗਿਆ ਹੈ, ਜਿਸ 'ਤੇ ਵਰਕਰਾਂ ਦੀਆਂ ਨਜ਼ਰਾਂ ਲੱਗੀਆਂ ਪਈਆਂ ਹਨ।

ਉਨ੍ਹਾਂ ਕਿਹਾ ਕਿ ਜੇਕਰ ਫੇਰ ਵੀ ਐੱਚ ਓ ਡੀ ਮੋਹਾਲੀ ਨੇ ਵਰਕਰਾਂ ਦੀਆਂ ਜਾਇਜ਼ ਮੰਗਾਂ ਨੂੰ ਹੱਲ ਨਾ ਕੀਤਾ ਜਾਂ ਟਾਲਮਟੋਲ ਕਰਨ ਦੀ ਨੀਤੀ ਅਪਣਾਈ ਤਾਂ ਵਰਕਰਾਂ ਵੱਲੋਂ ਮੌਕੇ 'ਤੇ ਹੀ ਸੰਘਰਸ਼ ਨੂੰ ਹੋਰ ਤੇਜ਼ ਤੇ ਤਿੱਖਾ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਜਲ ਸਪਲਾਈ ਵਿਭਾਗ ਉੱਚ ਮੈਨੇਜਮੈਂਟ ਤੇ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਅਮਰੀਕ ਸਿੰਘ ਕਲਿਆਣ, ਬਲਜੀਤ ਸਿੰਘ ਰਾਜਗੜ੍ਹ, ਸੋਢੀ ਸਿੰਘ ਬਾਬਰਪੁਰ, ਗੁਰਬਿੰਦਰ ਸਿੰਘ ਦੌਦਾ, ਵਰਿੰਦਰ ਕੁਮਾਰ ਢਿੰਗੀ, ਬਲਦੀਪ ਕੁਮਾਰ ਨਾਭਾ, ਹਰਵਿੰਦਰ ਕੁਮਾਰ ਮੰਡੋਰ, ਰਣਜੀਤ ਸਿੰਘ ਕੌਲ, ਚਰਨਜੀਤ ਕੌਰ ਦੰਦਰਾਲਾ ਖਰੌੜ ਆਦਿ ਵਰਕਰ ਹਾਜ਼ਰ ਸਨ।

# ਚਿੰਤਨ, ਚੇਤਨਾ ਤੇ ਬਰਾਬਰੀ ਦਾ ਸੰਦੇਸ਼ ਬਿਖੇਰ ਗਿਆ ਤਰਕਸ਼ੀਲ ਨਾਟ ਮੇਲਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਕਿਸਮਤ ਕਰਮਾਂ ਦੀ ਪਿਛਾਂਹਖਿੱਚੂ ਸੋਚ ਚੰਗੇਰੀ ਜ਼ਿੰਦਗੀ ਤੇ ਸਾਵੇਂ ਸੁਖਾਵੇਂ ਸਮਾਜ ਦੇ ਰਸਤੇ ਵਿੱਚ ਰੁਕਾਵਟ ਹੈ, ਜਿਹੜੀ ਲੋਕਾਂ ਨੂੰ ਅਗਿਆਨਤਾ ਤੇ ਲਾਈਲੱਗਤਾ ਦੇ ਰਾਹ ਪਾਉਂਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਘੀ ਮੇਲੇ ਵਿੱਚ ਤਰਕਸ਼ੀਲ ਨਾਟ ਮੇਲੇ ਵਿੱਚ ਜੁੜੇ ਮੇਲੀਆਂ ਨੂੰ ਸੰਬੋਧਨ ਕਰਦਿਆਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਪ੍ਰਗਟਾਏ।

ਉਨ੍ਹਾਂ ਆਖਿਆ ਕਿ ਵਿਗਿਆਨਕ ਸੋਚ ਚੇਤਨਾ ਨਾਲ ਜ਼ਿੰਦਗੀ ਦੇ ਰਾਹ ਰੌਸ਼ਨ ਕਰਦੀ ਹੈ। ਨਾਟ ਮੇਲੇ ਦੇ ਤੀਜੇ ਦਿਨ ਚੰਡੀਗੜ੍ਹ ਸਕੂਲ ਆਫ਼ ਡਰਾਮਾ ਦੇ ਕਲਾਕਾਰਾਂ ਨੇ ਇਕੱਤਰ ਸਿੰਘ ਦੀ ਨਿਰਦੇਸ਼ਨਾ ਹੇਠ ਠੱਗੀ ਤੇ ਸੁਲਘਦੀ ਧਰਤੀ ਨਾਟਕਾਂ ਦਾ ਮੰਚਨ ਕੀਤਾ। ਨਾਟਕਾਂ ਵਿੱਚ ਨਸ਼ਾ ਤੇ ਨਾ ਬਰਾਬਰੀ ਜਿਹੇ ਸਮਾਜਿਕ ਮੁੱਦਿਆਂ ਨੂੰ ਛੋਹਿਆ ਗਿਆ ਸੀ। ਨਾਟਕ ਦੇ ਵਾਰਤਾਲਾਪ ਮੇਲੇ ਦੇ ਪੰਡਾਲ ਵਿੱਚ ਜੁੜੇ ਦਰਸ਼ਕਾਂ ਨੂੰ ਝੰਜੋੜਦੇ ਰਹੇ। ਨਾਟਕਕਾਰ ਦਾ ਇਹ ਇਛੁੱਕ ਯਥਾਰਥ ਕਿ ਜਾਗੇ ਤੇ ਇਕੱਠੇ ਹੋਏ ਲੋਕ ਨਵੇਂ ਤਲਾਸ਼ ਕੇ ਸੰਘਰਸ਼ਾਂ ਨਾਲ ਸਮਾਜ ਦਾ ਮੂੰਹ ਮੱਥਾ ਸੰਵਾਰ ਲੈਂਦੇ ਹਨ। ਇਹ ਅਹਿਸਾਸ ਦਰਸ਼ਕਾਂ ਦੇ ਮਨਾਂ ਵਿੱਚ ਸੁਖਾਵਾਂ ਅਹਿਸਾਸ ਜਗਾਉਂਦਾ ਰਿਹਾ। ਅੱਤ ਦੀ ਠੰਢ ਵਿੱਚ ਜੁੜੇ ਮੇਲੀਆਂ ਨੇ ਰੰਗ ਮੰਚ ਨਾਲ ਜੀਵਨ ਦੇ ਭੇਦਾਂ ਨੂੰ ਮੰਚ ਤੋਂ ਸਾਕਾਰ ਹੁੰਦਿਆਂ ਤੱਕਿਆ। ਨਾਟ ਮੇਲੇ ਵਿੱਚ ਲੋਕ ਸੰਗੀਤ ਮੰਡਲੀ ਜੀਦਾ ਦੇ ਕਲਾਕਾਰਾਂ ਨੇ ਲੋਕ ਪੱਖੀ ਗੀਤਾਂ ਤੇ ਬੋਲੀਆਂ ਦਾ ਰੰਗ ਬਿਖੇਰਿਆ। ਨਾਲ ਹੀ ਤਰਕਸ਼ੀਲ ਜਾਦੂਗਰ ਸੁਖਦੇਵ ਮਲੂਕਪੁਰਾ ਤੇ ਮੰਚ ਤੋਂ ਜਾਦੂ ਕਲਾ ਦੇ ਭੇਦ ਸਮਝਾਏ। ਮਾਘੀ ਮੇਲੇ ਵਿੱਚ ਕਲਾ, ਸੰਗੀਤ ਤੇ ਰੰਗਮੰਚ ਦੀ ਜੋਟੀ ਮੇਲੀਆਂ ਦੇ ਮਨ ਟੁੰਬਦੀ ਰਹੀ। ਮਾਸਟਰ ਕੁਲਜੀਤ ਡੰਗਰ ਖੇੜਾ ਤੇ ਪ੍ਰਵੀਨ ਜੰਡਵਾਲਾ ਨੇ ਮੰਚ ਤੋਂ ਆਪਣੀਆਂ ਦਲੀਲਾਂ ਨਾਲ ਜ਼ਿੰਦਗੀ ਤੇ ਸਮਾਜ ਨੂੰ ਸਾਬਤ ਕਦਮੀਂ ਤੋਰਨ ਲਈ ਤਰਕਸ਼ੀਲ ਚੇਤਨਾ ਦੇ ਰਾਹੀ ਬਣਨ ਦਾ ਸੱਦਾ ਦਿੱਤਾ। ਮੇਲੇ ਵਿੱਚ ਪੁਸਤਕ ਪ੍ਰਦਰਸ਼ਨੀ ਮੇਲੀਆਂ ਨੂੰ ਸਬਦ ਸੰਸਾਰ ਨਾਲ ਜੋੜਦੀ ਰਹੀ। ਤਿੰਨ ਰੋਜ਼ਾ ਤਰਕਸ਼ੀਲ ਨਾਟ ਮੇਲਾ ਜਾਗਣ, ਉੱਠਣ, ਜੁੜਨ ਤੇ ਚੇਤਨਾ ਦੀ ਮਸ਼ਾਲ ਜਗਾਈ ਰੱਖਣ ਦੇ ਸੰਦੇਸ ਨਾਲ ਸੰਪੰਨ ਹੋਇਆ। ਮੇਲੇ ਦੀ ਸਫ਼ਲਤਾ ਲਈ ਰਾਮ ਸਵਰਨ ਲੱਖੇਵਾਲੀ, ਬੂਟਾ ਸਿੰਘ ਵਾਕਫ, ਕੇ.ਸੀ.ਰੁਪਾਣਾ, ਤਜਿੰਦਰ ਸਿੰਘ, ਭੁਪਿੰਦਰ ਵੜਿੰਗ, ਪਰਮਿੰਦਰ ਖੋਖਰ, ਵਿਨੋਦ ਬਾਰੇਕਾ ਤੇ ਬਲਦੇਵ ਸਿੰਘ ਲੱਧੂਵਾਲਾ ਨੇ ਭਰਵਾਂ ਯੋਗਦਾਨ ਪਾਇਆ।



## ਕਾਤਰਾਂ

### ਮਲੂਕਾ ਵੱਲੋਂ ਮਾਤਾ ਜਗੀਰ ਕੌਰ ਦੇ ਦੇਹਾਂਤ 'ਤੇ ਦੁੱਖ ਪ੍ਰਗਟ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ ਵੱਲੋਂ ਆਪਣੇ ਵਿੱਦਿਅਕ ਖੇਤਰ ਦੇ ਸਮੇਂ ਗੁਰੂ ਰਹਿ ਚੁੱਕੇ ਰਵਿੰਦਰ ਸਿੰਘ ਮਾਨ ਦੇ ਮਾਤਾ ਸਰਦਾਰਨੀ ਜਗੀਰ ਕੌਰ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾ ਦੱਸਿਆ ਕਿ ਰਵਿੰਦਰ ਸਿੰਘ ਮਾਨ ਉਨ੍ਹਾ ਦੇ ਵਿੱਦਿਅਕ ਖੇਤਰ ਦੇ ਗੁਰੂ ਰਹਿ ਚੁੱਕੇ ਹਨ ਅਤੇ ਮਾਨ ਪਰਵਾਰ ਨਾਲ ਉਨ੍ਹਾ ਦਾ ਪੁਰਾਣਾ ਰਿਸ਼ਤਾ ਹੈ। ਮਾਤਾ ਜੀ ਦੇ ਅਕਾਲ ਚਲਾਣੇ ਨੂੰ ਉਨ੍ਹਾ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।

### 5 ਕਿੱਲੋ ਚੂਰਾ ਪੋਸਤ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਗੁਰੂ ਹਰਸਹਾਏ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 5 ਕਿੱਲੋਗ੍ਰਾਮ ਚੂਰਾ ਪੋਸਤ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਗੁਰਦੀਪ ਕੌਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਅਗਰਸੈਨ ਚੌਂਕ ਗੁਰੂ ਹਰਸਹਾਏ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਗੁਰਨਾਮ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਮੋਹਨ ਕੇ ਉਤਾੜ ਚੂਰਾ ਪੋਸਤ ਵੇਚਣ ਦਾ ਧੰਦਾ ਕਰਦਾ ਹੈ, ਜੋ ਅੱਜ ਵੀ ਆਪਣੇ ਪਿੰਡ ਮੋਹਨ ਕੇ ਉਤਾੜ ਤੋਂ ਗੁਰ ਹਰਸਹਾਏ ਨੂੰ ਪੈਦਲ ਆ ਰਿਹਾ ਹੈ। ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਮੁਲਜ਼ਮ ਨੂੰ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 5 ਕਿੱਲੋਗ੍ਰਾਮ ਚੂਰਾ ਪੋਸਤ ਬਰਾਮਦ ਹੋਇਆ।

### ਗਣਤੰਤਰਤਾ ਦਿਵਸ ਸੰਬੰਧੀ ਮੀਟਿੰਗ

**ਸ੍ਰੀ ਮੁਕਤਸਰ ਸਾਹਿਬ (ਪੂਜਾ)**-ਗਣਤੰਤਰਤਾ ਦਿਵਸ ਮਨਾਉਣ ਲਈ ਸ੍ਰੀ ਕੰਵਰਜੀਤ ਸਿੰਘ ਐੱਸ.ਡੀ.ਐੱਮ. ਸ੍ਰੀ ਮੁਕਤਸਰ ਸਾਹਿਬ ਦੀ ਪ੍ਰਧਾਨਗੀ ਹੇਠ ਗੁਰੂ ਗੋਬਿੰਦ ਸਿੰਘ ਖੇਡ ਸਟੇਡੀਅਮ ਸ੍ਰੀ ਮੁਕਤਸਰ ਸਾਹਿਬ ਵਿਖੇ ਵਿਸ਼ੇਸ਼ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਐੱਸ.ਡੀ.ਐੱਮ. ਨੇ ਕਾਰਜ ਸਾਧਕ ਅਫਸਰ ਨੂੰ ਹਦਾਇਤ ਕੀਤੀ ਕਿ ਗਣਤੰਤਰਤਾ ਦਿਵਸ 26 ਜਨਵਰੀ ਦਾ ਦਿਵਸ ਮਨਾਉਣ ਲਈ ਖੇਡ ਸਟੇਡੀਅਮ ਤੋਂ ਇਲਾਵਾ ਸ਼ਹਿਰ ਦੀ ਸਾਫ ਸਫਾਈ ਦਾ ਕੰਮ ਜੰਗੀ ਪੱਧਰ 'ਤੇ ਕਰਵਾਇਆ ਜਾਵੇ।ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਇਸ ਰਾਸ਼ਟਰੀ ਪ੍ਰੋਗਰਾਮ ਨੂੰ ਸਫਲਤਾ ਪੂਰਵਕ ਨੇਪਰੇ ਚੜ੍ਹਾਉਣ ਲਈ ਕਿਸੇ ਵੀ ਪ੍ਰਕਾਰ ਦੀ ਕੋਈ ਕਮੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਜੋ ਉਨ੍ਹਾਂ ਨੂੰ ਡਿਊਟੀ ਦਿੱਤੀ ਗਈ ਹੈ, ਉਸ ਨੂੰ ਬਾਖੂਬੀ ਨਿਭਾਈ ਜਾਵਿਆ।

### ਇੰਤਕਾਲਾਂ ਦੇ ਨਿਪਟਾਰੇ ਲਈ ਵਿਸ਼ੇਸ਼ ਕੈਂਪਾਂ ਨੂੰ ਮਿਲਿਆ ਭਰਵਾਂ ਹੁੰਗਾਰਾ : ਡੀ ਸੀ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ 'ਤੇ ਕਾਰਵਾਈ ਅਮਲ ਵਿੱਚ ਲਿਆਉਂਦੇ ਹੋਏ ਅੱਜ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਸੰਗਰੂਰ ਦੀਆਂ ਸਮੂਹ ਸਬ ਤਹਿਸੀਲਾਂ ਤੇ ਤਹਿਸੀਲਾਂ ਵਿਖੇ ਲਗਾਏ ਗਏ ਵਿਸ਼ੇਸ਼ ਕੈਂਪਾਂ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ।ਅੱਜ ਲੰਬਿਤ ਇੰਤਕਾਲਾਂ ਦੇ 1458 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਤੇ ਲੋਕਾਂ ਨੇ ਇਸ ਉਪਰਾਲੇ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਹੈ।ਇਨ੍ਹਾਂ ਕੈਂਪਾਂ ਦੌਰਾਨ ਤਹਿਸੀਲਾਂ ਵਿਖੇ ਉੱਪ ਮੰਡਲ ਮੈਜਿਸਟਰੇਟ ਨੇ ਹਾਜ਼ਰ ਰਹਿੰਦਿਆਂ ਲੰਬਿਤ ਇੰਤਕਾਲਾਂ ਦੇ ਨਿਪਟਾਰੇ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਨੇਪਰੇ ਚੜ੍ਹਾਇਆ।

# ਲੁੱਟ-ਖੋਹ ਕਰਨ ਵਾਲੇ ਦੋਸ਼ੀਆਂ ਨੂੰ ਪੁਲਸ ਨੇ ਕੀਤਾ ਗ੍ਰਿਫ਼ਤਾਰ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਸ੍ਰੀ ਮਨਜੀਤ ਸਿੰਘ ਢੇਸੀ ਪੀ ਪੀ ਐੱਸ ਸੀਨੀਅਰ ਕਪਤਾਨ ਪੁਲਸ ਫ਼ਾਜ਼ਿਲਕਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮਾੜੇ ਅਨਸਰਾਂ ਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲਿਆਂ ਖਿਲਾਫ਼ ਕਾਰਵਾਈ ਕਰਦੇ ਹੋਏ ਸ੍ਰੀ ਅਰੁਣ ਮੁੰਡਨ ਪੀ.ਪੀ.ਐੱਸ ਉਪ ਕਪਤਾਨ ਪੁਲਿਸ ਅਬੋਹਰ (ਸ਼ਹਿਰੀ) ਦੀ ਅਗਵਾਈ ਹੇਠ ਇੰਸ: ਪਰਮਜੀਤ ਕੁਮਾਰ ਮੁੱਖ ਅਫਸਰ ਥਾਣਾ ਖੂਈਆ ਸਰਵਰ ਤੇ ਸ:ਥ: ਪਰਗਟ ਸਿੰਘ ਇੰਚਾ: ਚੌਂਕੀ ਕੱਲਰ ਖੇੜਾ ਸਮੇਤ ਪੁਲਿਸ ਨੇ ਟੈਕਨੀਕਲ ਤਰੀਕੇ ਨਾਲ ਮੁਕੱਦਮਾ ਨੰ: 03 ਮਿਤੀ 05-01-2024 ਅ/ਧ 392,34 ਭ: ਦ ਥਾਣਾ ਖੂਈਆ ਸਰਵਰ ਦੇ ਦੋਸ਼ੀਆਨ ਨੂੰ ਟਰੇਸ ਕਰਕੇ ਗ੍ਰਿਫ਼ਤਾਰ ਕੀਤਾ ਗਿਆ, ਜੋ ਇਹ ਮੁਕੱਦਮਾ ਬਰ ਬਿਆਨ ਰਾਮ ਚੰਦਰ ਪੁੱਤਰ ਗੀਗਾਰਾਮ ਪੁੱਤਰ ਕਿਸਨਾ ਰਾਮ ਵਾਸੀ ਪਿੰਡ ਲੁਟੂ ਥਾਣਾ ਧੰਨਦੁਰੀ ਤਹਿਸੀਲ ਅਲਸੀਸਰ ਜਿਲ੍ਹਾ ਝੁਣਝਣ ਰਾਜਸਥਾਨ ਦੇ ਦਰਜ ਰਜਿਸਟਰ ਹੋਇਆ ਸੀ ਕਿ ਉਹ ਸੀਮਾਰ ਪੈਟਰੋਲ ਪੰਪ, ਬਾਹੱਦ ਰਕਬਾ ਪਿੰਡ ਮੋਜਗੜ ਪਰ ਬਤੌਰ ਸੇਲਜ਼ਮੈਨ ਨੌਕਰੀ ਕਰਦਾ ਹੈ। 3, 4-01-2024 ਦੀ ਵਿਚਕਾਰਲੀ ਰਾਤ ਵਕਤ ਕਰੀਬ 12.56 ਦਾ ਵਕਤ ਹੋਵੇਗਾ ਕਿ ਉਹ ਪੰਪ ਪਰ ਡਿਊਟੀ 'ਤੇ ਸੀ, ਤਾਂ ਇੱਕ ਮੋਟਰ ਸਾਇਕਲ ਮਾਰਕਾ ਪਲਸਰ ਰੰਗ ਕਾਲਾ 'ਤੇ ਦੋ ਨੌਜਵਾਨ ਆਏ। ਮੋਟਰਸਾਈਕਲ ਚਾਲਕ, ਜਿਨ੍ਹਾਂ ਨੇ ਮੂੰਹ ਬੰਨ੍ਹੇ ਹੋਏ ਸੀ ਅਤੇ ਇੱਕ ਨੌਜਵਾਨ, ਜਿਸ ਕੋਲ ਕਾਪਾ ਸੀ ਅਤੇ ਇੱਕ ਨੌਜਵਾਨ ਦੇ ਜੈਕੇਟ ਪਾਈ ਹੋਈ ਸੀ, ਜਿਸ ਦੇ ਪਿਛੇ ਘੜੀਨੁਮਾ ਕਢਾਈ ਕੀਤੀ ਹੋਈ ਸੀ, ਆਏ ਅਤੇ ਉਸ ਦੀ ਗਰਦਨ ਪਰ ਕਾਪਾ ਰੱਖ ਕੇ ਉਸ ਪਾਸੋਂ ਧੱਕੇ ਨਾਲ 511 ਰੁਪਏ ਦਾ ਪੈਟਰੋਲ ਮੋਟਰਸਾਈਕਲ ਦੀ ਟੈਂਕੀ ਵਿਚ ਪੁਆ ਲਿਆ ਅਤੇ 2980 ਰੁਪਏ ਉਸ ਦੀ ਜੇਬ ਵਿਚੋਂ ਧੱਕੇ ਨਾਲ ਕੱਢ ਲਏ ਅਤੇ ਉਨ੍ਹਾ ਦੇ ਤਿੰਨ ਮੋਬਾਇਲ ਫੋਨ ਲੁੱਟ ਕੇ ਫਰਾਰ ਹੋ ਗਏ।ਤਫਤੀਸ਼ ਕਰਦੇ ਹੋਏ ਉਕਤ ਮੁਕੱਦਮਾ ਦੇ ਦੋਸ਼ੀਆਨ ਗੁਰਨਿਸ਼ਾਨ ਸਿੰਘ ਪੁੱਤਰ ਕਾਰਜ ਸਿੰਘ ਪੁੱਤਰ ਗੁਰਬਚਨ ਸਿੰਘ ਅਤੇ ਗੁਰਸਿਮਰਨ ਸਿੰਘ ਪੁੱਤਰ ਬਲਕਾਰ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀਆਨ ਸਰਾਵਾਂ ਬੋਦਲਾ ਨੂੰ ਟਰੇਸ ਕਰਕੇ ਗ੍ਰਿਫਤਾਰ ਕੀਤਾ ਤੇ ਲੁੱਟਿਆ ਸਮਾਨ ਬਰਾਮਦ ਕੀਤਾ। ਅਦਾਲਤ 'ਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ।

# ਮੁੱਖ ਮੰਤਰੀ ਤੀਰਥ ਯਾਤਰਾ ਬੱਸ ਅੰਮ੍ਰਿਤਸਰ ਤੇ ਅਨੰਦਪੁਰ ਸਾਹਿਬ ਲਈ ਰਵਾਨਾ

## ਆਪ ਆਗੂਆਂ ਨੇ ਬੱਸ ਨੂੰ ਹਰੀ ਝੰਡੀ ਦਿਖਾ ਕੇ ਕੀਤਾ ਰਵਾਨਾ



**ਮਮਦੋਟ (ਜਸਬੀਰ ਸਿੰਘ ਕੰਬੋਜ)**

ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਦੇ ਦਿਸ਼ਾ ਨਿਰਦੇਸ਼ ਹੇਠ ਮਮਦੋਟ ਦਾਣਾ ਮੰਡੀ ਤੋਂ ਆਪ ਦੇ ਸੀਨੀਅਰ ਆਗੂਆਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਸ੍ਰੀ ਅਨੰਦਪੁਰ ਸਾਹਿਬ ਦੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਵਾਸਤੇ ਜਾਣ ਵਾਲੀ ਯਾਤਰੀਆਂ ਦੀ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਬਲਵਿੰਦਰ ਸਿੰਘ ਰਾਓ ਕੇ ਪ੍ਰਧਾਨ ਬਲਾਕ ਮਮਦੋਟ, ਬਲਰਾਜ ਸਿੰਘ ਸੰਧੂ ਬਲਾਕ ਪ੍ਰਭਾਰੀ ਫਿਰੋਜ਼ਪੁਰ ਤੇ ਦਲਜੀਤ ਸਿੰਘ ਬਾਬਾ ਵਾਈਸ ਪ੍ਰਧਾਨ ਨਗਰ ਪੰਚਾਇਤ ਮਮਦੋਟ ਨੇ ਦੱਸਿਆ ਕਿ ਇਹ ਬੱਸ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਜਾਵੇਗੀ, ਜਿੱਥੇ ਯਾਤਰੂ ਸ੍ਰੀ ਹਰਿਮੰਦਿਰ ਸਾਹਿਬ ਤੇ ਹੋਰ ਗੁਰਦੁਆਰਾ ਸਾਹਿਬ ਦੇ ਦਰਸ਼ਨ ਦੀਦਾਰੇ ਕਰ ਸਕਣਗੇ।ਉਨ੍ਹਾ ਦੱਸਿਆ ਕਿ ਇਹ ਬੱਸ ਯਾਤਰੀਆਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਗੁਰਦੁਆਰਿਆਂ ਦੇ ਦਰਸ਼ਨ ਕਰਾਉਣ ਉਪਰੰਤ ਸ੍ਰੀ ਅਨੰਦਪੁਰ ਸਾਹਿਬ ਜਾਵੇਗੀ, ਜਿੱਥੇ ਇਸ ਬੱਸ ਵਿੱਚ ਸਫ਼ਰ ਕਰ ਰਹੇ ਯਾਤਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਸ਼ੋਭਿਤ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰ ਸਕਣਗੇ।ਉਨ੍ਹਾਂ ਦੱਸਿਆ ਕਿ ਇਸ ਟੂਰ ਪ੍ਰੋਗਰਾਮ ਦਾ ਸਾਰਾ ਖਰਚਾ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ।ਇਸ ਮੌਕੇ ਡਾਕਟਰ ਰੇਖਾ ਭੱਟੀ ਮੈਡੀਕਲ ਅਫਸਰ ਮਮਦੋਟ ਦੀ ਟੀਮ ਵੱਲੋਂ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਨ ਜਾ ਰਹੇ ਯਾਤਰੀਆਂ ਦਾ ਮੁੱਢਲਾ ਮੈਡੀਕਲ ਚੈੱਕਅੱਪ ਵੀ ਕੀਤਾ ਗਿਆ।ਇਸ ਮੌਕੇ ਬਿਕਰਮਜੀਤ ਸਿੰਘ ਸਕੱਤਰ ਮਾਰਕੀਟ ਕਮੇਟੀ ਮਮਦੋਟ, ਗੁਰਨਾਮ ਸਿੰਘ ਹਜਾਰਾ ਬਲਾਕ ਪ੍ਰਧਾਨ, ਸੁਰਿੰਦਰ ਕੁਮਾਰ (ਸੋਨੂੰ), ਸੇਠੀ ਐੱਮ ਸੀ, ਸੰਦੀਪ ਕੁਮਾਰ ਸੋਨੀ, ਬਲਵੀਰ ਸਿੰਘ ਫੱਤੇਵਾਲਾ ਬਲਾਕ ਪ੍ਰਧਾਨ, ਬਗੀਚਾ ਸਿੰਘ ਕਾਲੂ ਅਰਾਈਂ, ਸੰਜੀਵ ਕੁਮਾਰ ਧਵਨ ਬਲਾਕ ਪ੍ਰਧਾਨ (ਸ਼ਹਿਰੀ), ਬਲਵਿੰਦਰ ਸਿੰਘ ਲੱਡੂ, ਡਾਕਟਰ ਦਲਜੀਤ ਸਿੰਘ ਜੋਸਨ ਰਹੀਮੇ ਕੇ, ਜਸਬੀਰ ਸਿੰਘ ਚੇਅਰਮੈਨ ਐੱਸ ਐੱਮ ਸੀ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਤੇ ਅਹੁਦੇਦਾਰ ਹਾਜ਼ਰ ਸਨ।

# ਨਾਬਾਲਿਗਾ ਨੂੰ ਅਗਵਾ ਕਰਕੇ ਲਿਜਾਣ ਦੇ ਦੋਸ਼ 'ਚ 5 ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਥਾਣਾ ਸਦਰ ਫਿਰੋਜ਼ਪੁਰ ਅਧੀਨ ਆਉਂਦੇ ਪਿੰਡ ਜੱਲੋ ਕੇ ਵਿਖੇ ਨਾਬਾਲਿਗਾ ਨੂੰ ਅਗਵਾ ਕਰਕੇ ਲਿਜਾਣ ਦੇ ਦੋਸ਼ ਵਿੱਚ ਪੁਲਸ ਨੇ 5 ਵਿਅਕਤੀਆਂ ਖਿਲਾਫ 363/366-ਏ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਸਿਮਰਨਜੀਤ ਕੌਰ ਪਤਨੀ ਮਾਘ ਸਿੰਘ ਵਾਸੀ ਪਿੰਡ ਜੱਲੋ ਕੇ ਨੇ ਦੱਸਿਆ ਕਿ ਉਸ ਦੀ ਲੜਕੀ ਨੂੰ ਮੁਲਜ਼ਮ ਜਸਪਾਲ ਸਿੰਘ ਪਹਿਲਾਂ ਵੀ ਅਗਵਾ ਕਰਕੇ ਲੈ ਗਿਆ ਸੀ, ਜਿਸ ਦੇ ਖਿਲਾਫ ਮੁਕੱਦਮਾ ਨੰਬਰ 98 ਮਿਤੀ 5 ਮਈ 2022 ਅ/ਧ 376-ਡੀ ਆਈਪੀਸੀ, ਪੋਸਕੋ ਐਕਟ ਦਰਜ ਰਜਿਸਟਰ ਹੋਇਆ ਸੀ, ਜਿਸ ਵਿੱਚ ਉਸ ਦੀ ਗਵਾਹੀ ਰਾਜਵਿੰਦਰ ਕੌਰ ਏਐੱਸਜੇ/ਫਿਰੋਜ਼ਪੁਰ ਦੀ ਅਦਾਲਤ ਵਿੱਚ ਹੋ ਚੁੱਕੀ ਹੈ। ਬੀਤੀ 14 ਜਨਵਰੀ 2024 ਨੂੰ ਸ਼ਾਮ ਕਰੀਬ 7 ਵਜੇ ਮੁਲਜ਼ਮ ਜਸਪਾਲ ਸਿੰਘ ਤੇ ਬਾਕੀ ਦੋਸ਼ੀਆਨ ਰਾਜ ਸਿੰਘ ਪੁੱਤਰਾਨ ਕਸ਼ਮੀਰ ਸਿੰਘ, ਬੋਹੜ ਸਿੰਘ ਪੁੱਤਰ ਗੁਰਦੀਪ ਸਿੰਘ, ਬਲਦੇਵ ਸਿੰਘ ਉਰਫ ਦੇਬੂ ਪੁੱਤਰ ਜੀਤ ਸਿੰਘ ਵਾਸੀਅਨ ਟੇਂਡੀਵਾਲਾ, ਸਤਨਾਮ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਜੱਲੋ ਕੇ ਨਾਲ ਉਸ ਦੇ ਘਰ ਆਏ ਤੇ ਮੁਲਜ਼ਮ ਜਸਪਾਲ ਸਿੰਘ ਨੇ ਲਲਕਾਰਾ ਮਾਰ ਕੇ ਕਿਹਾ ਕਿ ਲੜਕੀ ਨੂੰ ਅਗਵਾ ਕਰਕੇ ਲੈ ਚੱਲੋ, ਇਨ੍ਹਾਂ ਨੂੰ ਉਕਤ ਕੇਸ ਵਿੱਚ ਸਾਡੇ ਖਿਲਾਫ ਗਵਾਹੀ ਦੇਣ ਦਾ ਮਜ਼ਾ ਚਖਾ ਦਿਓ, ਜਿਸ 'ਤੇ ਦੋਸ਼ੀਆਨ ਉਸ ਦੀ ਲੜਕੀ ਨੂੰ ਅਗਵਾ ਕਰਕੇ ਲੈ ਗਏ।

ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਵਿਨੋਦ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।


## ਉੱਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ.-770-W/169/WA-1/FZR/770-W/169/WA-1/FZR/ 375-2023-24-Sr. DEN-I/FZR (to be opened on dated. 06-02-2024) ਸੀਨੀਅਰ ਮੰਡਲ ਇੰਜੀਨੀਅਰ ਫਸਟ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 06.02.2024 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨੂੰ ਕੇਵਲ ਆਈਆਰਈਪੀਐਸ ਪੋਰਟਲ ਤੇ ਉਪਲਬਧ ਭੁਗਤਾਨ ਮੋਡ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਨਿਵਿਦਾ ਦੇ ਲਈ ਭੁਗਤਾਨ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

ਲੜੀ ਨੰਬਰ: 1 ਨਿਵਿਦਾ ਨੰਬਰ, ਮਿਤੀ : 375-2023-24-Sr.DEN-I/FZR

ਨਿਵਿਦਾ ਦਾ ਵੇਰਵਾ ਸੀਨੀਅਰ ਮੰਡਲ ਇੰਜੀਨੀਅਰ-ਫਸਟ ਫਿਰੋਜਪੁਰ ਦੇ ਖੇਤਰਾਧਿਕਾਰ ਵਿਚ SNL-JRC ਸੈਕਸ਼ਨ ਤੇਕਿਮੀ 386/130 ਤੇ ਬ੍ਰਿਜ 5A ਅਤੇ ਸੀਨੀਅਰ ਸੈਕਸ਼ਨ ਇੰਜੀਨੀਅਰ-ਤੀਜਾ ਦੇ ਖੇਤਰਾਧਿਕਾਰ ਵਿਚ SNL-ASR ਸੈਕਸ਼ਨ ਤੇ ਕਿਮੀ 466/689 ਤੇ ਬ੍ਰਿਜ 63 ਅਤੇ ਸੀਨੀਅਰ ਮੰਡਲ ਇੰਜੀਨੀਅਰ-ਸੈਕਿੰਡ ਦੇ ਖੇਤਰਾਧਿਕਾਰ ਵਿਚ SCPD-PTKC ਸੈਕਸ਼ਨ ਤੇ ਕਿਮੀ 110/193 ਤੇ ਬ੍ਰਿਜ 232 ਅਤੇ ਸੀਨੀਅਰ ਮੰਡਲ ਇੰਜੀਨੀਅਰ-IV ਦੇ ਖੇਤਰਾਧਿਕਾਰ ਵਿਚ JAT-SVDK ਸੈਕਸ਼ਨ ਤੇ ਕਿਮੀ 29/373 ਅਤੇ 42/140 ਤੇ ਬ੍ਰਿਜ 108 ਅਤੇ 85 5 ਸੇਟ ਦੇ ਲਈ ਪੋਰਟੇਬਲ ਟ੍ਰੇਨ ਡਿਟੇਕਸ਼ਨ ਸਿਸਟਮ ਅਤੇ ਅਲਾਰਮ ਸਿਸਟਮ (ਪੋਟਾ) ਸਥਾਪਿਤ ਕਰਨਾ।

| ਵਿਗਿਆਪਨ ਮੂਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| --- | --- | --- |
| 1770576.60 | 60 ਦਿਨ | 04 ਮਹੀਨੇ |

ਨੋਟ .1 ਨਿਵਿਦਾ ਪਾਉਣ ਤੋਂ ਪਹਿਲਾਂ, ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 170/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਐੱਸ ਐੱਸ ਪੀ ਖੰਨਾ ਵੱਲੋਂ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਦਾ ਉਦਘਾਟਨ

**ਦੋਰਾਹਾ (ਹਰਮਿੰਦਰ ਸੇਠ)**-ਸ਼੍ਰੀਮਤੀ ਅਮਨੀਤ ਕੌਰ ਕੌਂਡਲ ਐਸਐਸਪੀ ਖੰਨਾ ਦੀ ਰਹਿਨੁਮਾਈ ਹੇਠ ਸ਼ਹਿਰ ਦੇ ਬੇਅੰਤ ਸਿੰਘ ਚੌਕ 'ਚ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਦੀ ਸ਼ੁਰੂਆਤ ਕੀਤੀ ਗਈ। ਇਹ ਮਹੀਨਾ 15 ਜਨਵਰੀ ਤੋਂ 15 ਫਰਵਰੀ ਤੱਕ ਲਾਇਆ ਜਾਵੇਗਾ।ਐਸਐਸਪੀ ਨੇ ਖ਼ੁਦ ਗੱਡੀਆਂ ਟਰੈਕਟਰਾਂ, ਮੋਟਰਸਾਈਕਲਾਂ, ਦੋ ਪਹੀਆ ਵਾਹਨਾਂ, ਰਿਕਸ਼ਿਆਂ ਉੱਪਰ ਰਿਫਲੈਕਟਰ ਲਾਏ।ਉਨ੍ਹਾਂ ਧੁੰਦ 'ਚ ਦੁਰਘਟਨਾਵਾਂ ਰੋਕਣ 'ਚ ਸਹਾਈ ਗਲ਼ 'ਚ ਪਾਉਣ ਵਾਲੀਆਂ ਰਿਫਲੈਕਟਰ ਟੇਪਾਂ ਵੀ ਦੋਪਹੀਆ ਵਾਹਨ ਚਾਲਕਾਂ ਨੂੰ ਵੰਡੇ।ਦੂਜੇ ਪਾਸੇ ਬਿਨਾਂ ਹੈਲਮੇਟ ਵਾਲਿਆਂ ਨੂੰ ਜਿੱਥੇ ਚਿਤਾਵਨੀ ਦਿੱਤੀ ਗਈ, ਉਥੇ ਲੋੜਵੰਦਾਂ ਨੂੰ ਫ਼ਰੀ ਹੈਲਮੇਟ ਵੀ ਵੰਡੇ।

ਨਵੀਂ ਸ਼ੁਰੂਆਤ ਕਰਦਿਆਂ ਪੁਲਸ ਪ੍ਰਸ਼ਾਸਨ ਵੱਲੋਂ ਟ੍ਰੈਫ਼ਿਕ ਨਿਯਮਾਂ ਦਾ ਪਾਲਣ ਨਾ ਕਰਨ ਵਾਲਿਆਂ ਨੂੰ ਜਿਨ੍ਹਾ ਨੇ ਬੈਲਟਾਂ ਨਹੀਂ ਲਾਈਆਂ ਸਨ, ਚਿਤਾਵਨੀ ਦੇ ਨਾਲ-ਨਾਲ ਫੁੱਲ ਵੀ ਦਿੱਤੇ। ਐਸਐਸਪੀ ਕੌਂਡਲ ਨੇ ਕਿਹਾ ਕਿ ਜੇ ਲੋਕ ਸੜਕ ਨਿਯਮਾਂ ਦਾ ਪਾਲਣ ਕਰਨ ਲੱਗ ਜਾਣ ਤਾਂ ਬਹੁਤ ਸਾਰੀਆਂ ਕੀਮਤੀ ਜ਼ਿੰਦਗੀਆਂ ਬਚ ਸਕਦੀਆਂ ਨੇ, ਜੋ ਦੁਰਘਟਨਾਵਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ।ਉਨ੍ਹਾਂ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਨਾਬਾਲਗ ਬੱਚਿਆਂ ਨੂੰ ਮੋਟਰਸਾਈਕਲ ਜਾਂ ਕਾਰਾਂ ਬਗੈਰਾ ਨਾ ਦੇਣ, ਕਿਉਂਕਿ ਜਿੱਥੇ ਇਨ੍ਹਾਂ ਬੱਚਿਆਂ ਕੋਲ ਲਾਇਸੰਸ ਨਹੀਂ ਹੁੰਦਾ, ਉਥੇ ਇਨ੍ਹਾਂ ਬੱਚਿਆਂ ਦੇ ਐਕਸੀਡੈਂਟ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ।




# ਚੋਣਾਂ ਬੈਲਟ ਪੇਪਰ ਰਾਹੀਂ ਕਰਵਾਈਆਂ ਜਾਣ : ਭਾਰਤ ਮੁਕਤੀ ਮੋਰਚਾ




**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤ ਮੁਕਤੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਨੇ ਇਥੋਂ ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਪਿੰਡ ਖੋਖਰ ਕਲਾਂ ਵਿਖੇ ਇੱਕ ਭਰਵੀਂ ਮੀਟਿੰਗ ਕਰਕੇ ਈ.ਵੀ.ਐੱਮ. ਬੰਦ ਕਰਵਾਉਣ ਅਤੇ 31 ਜਨਵਰ ਨੂੰ ਭਾਰਤੀ ਚੋਣ ਕਮਿਸ਼ਨ ਦੇ ਦਫਤਰ ਦਾ ਘਿਰਾਓ ਕਰਨ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਮੁੱਚੇ ਪ੍ਰੋਗਰਾਮ ਦੀ ਅਗਵਾਈ ਵਾਮਨ ਮੇਸ਼ ਰਾਮ ਸਾਹਿਬ ਕਰ ਰਹੇ ਹਨ। ਜਸਵੰਤ ਸਿੰਘ ਨੇ ਦੱਸਿਆ ਕਿ ਸਾਡੇ ਦੇਸ਼ ਵਿੱਚ 2004 ਤੋਂ ਅੱਜ ਤੱਕ ਈ.ਵੀ.ਐੱਮ. ਦੇ ਸਹਾਰੇ ਜਾਲ੍ਹੀ ਸਰਕਾਰਾਂ ਬਣ ਰਹੀਆਂ ਹਨ, ਕਿਉਂਕਿ 2004 ਤੋਂ ਲੈ ਕੇ 2013 ਤੱਕ ਕਾਂਗਰਸ ਨੇ ਸਰਕਾਰ ਬਣਾਈ ਤੇ 2014 ਤੋਂ 2019 ਤੱਕ ਬੀ.ਜੇ.ਪੀ. ਨੇ ਈ ਵੀ ਐੱਮ ਦੇ ਸਹਾਰੇ ਸਰਕਾਰ ਬਣਾਈ। ਈ.ਵੀ.ਐੱਮ. ਦੇ ਸਬੰਧ 'ਚ 2013 ਵਿੱਚ ਵਾਮਨ ਮੇਸ਼ ਰਾਮ ਨੇ ਸੁਪਰੀਮ ਕੋਰਟ ਵਿੱਚ ਕੇਸ ਦਾਇਰ ਕੀਤਾ ਹੋਇਆ ਹੈ। ਮਾਨਯੋਗ ਸੁਪਰੀਮ ਕੋਰਟ ਨੇ ਮੰਨਿਆ ਹੈ ਕਿ ਈ.ਵੀ.ਐੱਮ. ਮਸ਼ੀਨਾਂ ਨਾਲ ਨਿਰਪੱਖ ਚੋਣਾਂ ਨਹੀਂ ਹੋ ਸਕਦੀਆਂ। ਸੰਨ 2017 ਵਿੱਚ ਮਸ਼ੀਨ ਦੇ ਨਾਲ ਵੀ. ਵੀ. ਪੈਡ ਲਗਵਾਈ ਤੇ ਮਾਨਯੋਗ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਈ.ਵੀ.ਐੱਮ. ਮਸ਼ੀਨ ਦਾ ਅਤੇ ਵੀ. ਵੀ. ਪੈਡ ਨਾਲ ਮਿਲਾਨ ਕੀਤਾ ਜਾਵੇ, ਪਰ ਚੋਣ ਕਮਿਸ਼ਨ ਕਹਿ ਰਿਹਾ ਹੈ ਕਿ ਸਿਰਫ ਇੱਕ ਪ੍ਰਤੀਸ਼ਤ ਹੀ ਮਿਲਾਨ ਕਰਵਾਇਆ ਜਾ ਸਕਦਾ ਹੈ। ਜੇਕਰ 100 ਪ੍ਰਤੀਸ਼ਤ ਈ.ਵੀ.ਐੱਮ. ਤੇ ਵੀ. ਵੀ. ਪੈਡ ਦਾ ਮਿਲਾਨ ਹੁੰਦਾ ਹੈ ਤਾਂ ਅਸੀਂ ਪੁਰਾਣੇ ਜਮਾਨੇ ਵਿੱਚ ਚਲੇ ਜਾਵਾਂਗੇ। ਪਿਛਲੇ ਦਿਨਾਂ ਵਿੱਚ ਇੰਡੀਆ ਗੱਠਜੋੜ ਦੀ ਟੀਮ ਚੋਣ ਕਮਿਸ਼ਨ ਭਾਰਤ ਨੂੰ ਮਿਲੀ ਤੇ ਚੋਣ ਕਮਿਸ਼ਨ ਨੇ ਸਾਫ ਇਨਕਾਰ ਕਰ ਦਿੱਤਾ ਹੈ ਕਿ ਈ.ਵੀ.ਐੱਮ. ਬਿਲਕੁਲ ਸਹੀ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਾਰਤੀ ਚੋਣ ਕਮਿਸ਼ਨ ਵੀ ਸਰਕਾਰ ਦੀ ਬੋਲੀ ਹੀ ਬੋਲਦਾ ਹੈ, ਇਸੇ ਲਈ ਉਸ ਦਾ ਘਿਰਾਓ ਕੀਤਾ ਜਾਵੇ। ਆਗੂਆਂ ਨੇ ਅਪੀਲ ਕੀਤੀ ਕਿ 31 ਜਨਵਰੀ ਨੂੰ ਚੋਣ ਕਮਿਸ਼ਨ ਦੇ ਘਿਰਾਓ ਸਬੰਧੀ ਦਿੱਲੀ ਵਿਖੇ ਪਹੁੰਚਣ ਦੀ ਖੇਚਲ ਕੀਤੀ ਜਾਵੇ। ਮੀਟਿੰਗ ਵਿੱਚ ਗੁਰਜੰਟ ਸਿੰਘ, ਅਮਰਜੀਤ ਸਿੰਘ, ਜਗਦੀਪ ਸਿੰਘ, ਵਿੱਕੀ, ਹਰਪ੍ਰੀਤ ਸਿੰਘ, ਜਸਵੰਤ ਸਿੰਘ, ਅਮਰਜੀਤ ਕੌਰ, ਕੁਲਦੀਪ ਕੌਰ, ਵੀਰਪਾਲ ਕੌਰ, ਸੇਮੂ ਕੌਰ, ਦਲਵਿੰਦਰ ਸਿੰਘ ਭਾਰਤ ਮੁਕਤੀ ਮੋਰਚਾ, ਰਾਜਿੰਦਰ ਸਿੰਘ ਝੁਨੀਰ ਆਦਿ ਹਾਜ਼ਰ ਸਨ।


ੴ ਤਹੀ ਪ੍ਰਕਾਸ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥ ੴ

ਸਾਹਿਬ-ਏ-ਕਮਾਲ, ਸਰਬੰਸਦਾਨੀ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

ਪ੍ਰਕਾਸ਼ ਗੁਰਪੁਰਬ

ਦੀਆਂ ਦੇਸ਼ ਵਿਦੇਸ਼ ਦੀ ਸੰਗਤ ਨੂੰ

ਹਾਰਦਿਕ ਵਧਾਈਆਂ

ਆਓ! ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਹੋ ਕੇ ਉਨ੍ਹਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਪ੍ਰਣ ਕਰੀਏ।

-ਗੁਰੂ ਪੰਥ ਦਾ ਦਾਸ-

ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਵੱਲੋਂ: ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।


# ਖੁਖਰਾਣਾ 'ਚ ਵਿਸ਼ਾਲ ਨਗਰ ਕੀਰਤਨ ਸਜਾਇਆ



**ਮੋਗਾ (ਗੁਰਦੀਪ ਸਿੰਘ ਭੁੱਲਰ)**-ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਨੂੰ ਸਮਰਪਤ ਪਿੰਡ ਖੁਖਰਾਣਾ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜਿਸ ਨੂੰ ਇਲਾਕੇ ਦੀਆਂ ਧਾਰਮਿਕ ਸ਼ਖਸੀਅਤਾਂ ਦਮਦਮੀ ਟਕਸਾਲ ਦੀ ਸ਼ਾਖ ਜਗੋਵਾਲਾ ਦੇ ਮੁਖੀ ਸੰਤ ਬਾਬਾ ਬਲਦੇਵ ਸਿੰਘ ਨੇ ਅਰਦਾਸ ਕਰਕੇ ਆਰੰਭ ਕਰਵਾਇਆ।ਇਸ ਮੌਕੇ ਉਨ੍ਹਾ ਦੇ ਨਜ਼ਦੀਕੀ ਸਹਿਯੋਗੀ ਬਾਬਾ ਰੇਸ਼ਮ ਸਿੰਘ ਖੁਖਰਾਣਾ ਵੀ ਉਨ੍ਹਾ ਨਾਲ ਮੌਜੂਦ ਸਨ। ਇਹ ਨਗਰ ਕੀਰਤਨ ਗੁਰਦੁਆਰਾ ਪਾਤਸ਼ਾਹੀ 6ਵੀਂ ਤੋਂ ਆਰੰਭ ਹੋ ਕੇ ਸਾਰੇ ਪਿੰਡ ਦੀ ਪ੍ਰਕਰਮਾ ਕਰਦਾ ਹੋਇਆ ਸ਼ਾਮ ਨੂੰ ਮੁੜ ਇਸੇ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ।ਨਗਰ ਕੀਰਤਨ ਦੀ ਸਮਾਪਤੀ ਦੀ ਅਰਦਾਸ ਸੰਤ ਬਾਬਾ ਰੇਸ਼ਮ ਸਿੰਘ ਵੱਲੋਂ ਕੀਤੀ ਗਈ। ਇਹ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਪਤਾਸ਼ਾਹੀ ਛੇਵੀਂ ਦੀ ਪ੍ਰਬੰਧਕ ਕਮੇਟੀ ਵੱਲੋਂ ਪਿੰਡ ਦੇ ਨੌਜਵਾਨਾਂ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਵਿਸ਼ਾਲ ਨਗਰ ਕੀਰਤਨ 'ਚ ਰਾਗੀ ਜਥਾ ਭਾਈ ਕਿਸ਼ਨ ਸਿੰਘ, ਸੰਤ ਬਾਬਾ ਰੇਸ਼ਮ ਸਿੰਘ ਖੁਖਰਾਣਾ, ਕਥਾਵਾਚਕ ਗਿਆਨੀ ਪਰਮਿੰਦਰ ਸਿੰਘ, ਗਿਆਨੀ ਅਮਰੀਕ ਸਿੰਘ, ਗਿ. ਜਸਵਿੰਦਰ ਸਿੰਘ ਜਗੋਵਾਲਾ ਅਤੇ ਪ੍ਰਸਿੱਧ ਢਾਡੀ ਜਥਾ ਭਾਈ ਜਸਪਾਲ ਸਿੰਘ ਉਦਾਸੀ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਚਾਨਣਾ ਪਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਨਗਰ ਕੀਰਤਨ ਦੀ ਆਰੰਭਤਾ ਮੌਕੇ ਪੰਜ ਪਿਆਰਿਆਂ ਦੀ ਮੌਜੂਦਗੀ 'ਚ ਦਮਦਮੀ ਟਕਸਾਲ ਯੂ.ਕੇ. ਵੱਲੋਂ ਤਿਆਰ ਕੀਤਾ ਗਿਆ ਪੁਰਾਤਨ ਕੈਲੰਡਰ ਸੰਤ ਬਾਬਾ ਬਲਦੇਵ ਸਿੰਘ ਜਗੋਵਾਲਾ ਅਤੇ ਸੰਤ ਬਾਬਾ ਰੇਸ਼ਮ ਸਿੰਘ ਖੁਖਰਾਣਾ ਨੇ ਰਿਲੀਜ਼ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੁੱਚੇ ਨਗਰ ਦੀਆਂ ਸੰਗਤਾਂ ਵੱਲੋਂ ਸੰਤ ਬਾਬਾ ਬਲਦੇਵ ਸਿੰਘ ਨੂੰ ਸਿਰੋਪਾਓ ਦੇ ਸਨਮਾਨਤ ਕੀਤਾ ਗਿਆ। ਇਸ ਵਿਸ਼ਾਲ ਨਗਰ ਕੀਰਤਨ 'ਚ ਫੁੱਲਾਂ ਨਾਲ ਸਜੀ ਗੁਰੂ ਗ੍ਰੰਥ ਸਾਹਿਬ ਦੀ ਸੁੰਦਰ ਪਾਲਕੀ ਨੇ ਨਗਰ ਕੀਰਤਨ ਦੀ ਸ਼ੋਭਾ ਨੂੰ ਚਾਰ ਚੰਨ ਲਗਾਏ।ਪਿੰਡ ਵਿੱਚ ਪੰਜ ਪੜਾਅ ਸਨ। ਹਰ ਪੜਾਅ 'ਤੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਹੋਇਆ । ਪੰਜ ਪਿਆਰਿਆਂ ਤੇ ਧਾਰਮਿਕ ਸ਼ਖਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਹਰੇਕ ਪੜਾਅ 'ਤੇ ਚਾਹ, ਦੁੱਧ, ਸਮੋਸੇ, ਖੀਰ, ਗਜਰੇਲੇ ਦੇ ਲੰਗਰ ਲਾਏ ਗਏ ਅਤੇ ਰਾਮਦਿੱਤਾ ਪੱਤੀ ਵਿਖੇ ਗੁਰੂ ਘਰ 'ਚ ਪ੍ਰਸ਼ਾਦਿਆਂ ਦੇ ਲੰਗਰ ਲਗਾਏ ਗਏ ।ਸਮਾਪਤੀ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੇਵਾ ਕਰਨ ਵਾਲੇ ਨੌਜਵਾਨਾਂ ਨੂੰ ਸਿਰੋਪਾਓ ਦੇ ਸਨਮਾਨਤ ਕੀਤਾ ਗਿਆ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਤ ਵੋਟਾਂ ਬਣਾਉਣ ਦੇ ਹੁਕਮ ਜਾਰੀ

**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)** ਸਰਕਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਤ ਵੋਟਾਂ ਬਣਾਉਣ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਵੋਟਾਂ ਬਣਾਉਣ ਦੇ ਚਾਹਵਾਨ ਕੇਸਧਾਰੀ ਸਿੱਖ ਅਪਣਾ ਫਾਰਮ ਭਰ ਕੇ 29 ਫਰਵਰੀ ਤੱਕ ਸਬੰਧਤ ਪਿੰਡ ਦੇ ਹਲਕਾ ਪਟਵਾਰੀ ਪਾਸ ਜਮ੍ਹਾਂ ਕਰਾਉਣ।

ਅਧਿਕਾਰੀਆਂ ਨੇ ਦੱਸਿਆ ਕਿ ਵੋਟ ਬਣਾਉਣ ਲਈ ਕੇਸਧਾਰੀ ਸਿੱਖ ਦੀ ਉਮਰ 21 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਵੋਟ ਬਣਾਉਣ ਲਈ ਜ਼ਰੂਰੀ ਦਸਤਾਵੇਜ਼ ਅਧਾਰ ਕਾਰਡ, ਵੋਟ ਕਾਰਡ, ਪਾਸਪੋਰਟ, ਡ੍ਰਾਈਵਿੰਗ ਲਾਇਸੈਂਸ, ਬੈਂਕ ਖਾਤੇ ਦੀ ਫੋਟੋ ਵਾਲੀ ਕਾਪੀ, ਇਨ੍ਹਾਂ ਸਾਰੇ ਦਸਤਾਵੇਜ਼ਾਂ ਵਿੱਚੋਂ ਕੋਈ ਇਕ ਅਤੇ ਪਾਸਪੋਰਟ ਸਾਇਜ ਸੈਲਫ਼ ਅਟੈਸਟਿਡ ਫੋਟੋ ਜ਼ਰੂਰੀ ਹੈ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਇਹ ਫਾਰਮ ਦਫ਼ਤਰ ਉਪ ਮੰਡਲ ਮੈਜਿਸਟ੍ਰੇਟ ਗੁਰੂਹਰਸਹਾਏ, ਦਫਤਰ ਤਹਿਸੀਲਦਾਰ ਗੁਰੂਹਰਸਹਾਏ, ਨਾਇਬ ਤਹਿਸੀਲਦਾਰ ਗੁਰੂਹਰਸਹਾਏ, ਦਫ਼ਤਰ ਨਾਇਬ ਤਹਸੀਲਦਾਰ ਮਮਦੋਟ, ਦਫ਼ਤਰ ਨਗਰ ਕੌਂਸਲ ਮਮਦੋਟ, ਦਫ਼ਤਰ ਬੀਡੀਪੀਓ ਫ਼ਿਰੋਜ਼ਪੁਰ, ਦਫ਼ਤਰ ਬੀਡੀਪੀਓ ਮਮਦੋਟ, ਪਾਸ ਆਖਰੀ ਮਿਤੀ 29 ਫਰਵਰੀ ਤੱਕ ਜਮ੍ਹਾਂ ਕਰਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਵਾਲੇ ਫਾਰਮ ਮਨਜ਼ੂਰ ਨਹੀਂ ਕੀਤੇ ਜਾਣਗੇ।

# ਆਜ਼ਾਦ ਯੁਵਕ ਸੇਵਾਵਾਂ ਭਲਾਈ ਕਲੱਬ ਵੱਲੋਂ ਦਰਸ਼ਨ ਸਿੰਘ ਪ੍ਰੀਤੀਮਾਨ ਦਾ ਸਨਮਾਨ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਆਜ਼ਾਦ ਯੁਵਕ ਸੇਵਾਵਾਂ ਭਲਾਈ ਕਲੱਬ ਪਿੰਡ ਰਾਮਪੁਰਾ ਵੱਲੋਂ ਸਮੇਂ ਦਾਜ ਪ੍ਰਥਾ ਅਤੇ ਭਰੂਣ ਹੱਤਿਆ ਬਾਰੇ ਜਾਗਰੂਕ ਰੋਲ ਨਿਭਾਉਣ ਵਾਲੇ ਲੇਖਕ ਦਰਸ਼ਨ ਸਿੰਘ ਪ੍ਰੀਤੀਮਾਨ ਨੂੰ ਲੋਹੜੀ ਦੇ ਤਿਉਹਾਰ ਸਬੰਧੀ ਰਵਿਦਾਸ ਧਰਮਸ਼ਾਲਾ ਵਿਖੇ ਕਰਾਏ ਸਮਾਗਮ ਮੌਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਸਟੇਜ ਸੰਚਾਲਕ ਦੀ ਜ਼ਿੰਮੇਵਾਰੀ ਅਜ਼ਾਦ ਯੁਵਕ ਸੇਵਾਵਾਂ ਕਲੱਬ ਦੇ ਪ੍ਰਧਾਨ ਹੈਪੀ ਸਿੰਘ ਨੇ ਬਖੂਬੀ ਨਿਭਾਈ। ਮਨਪ੍ਰੀਤ ਸਿੰਘ ਮੰਨੂੰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਸਮੇਂ ਪ੍ਰੀਤੀਮਾਨ ਵੱਲੋਂ ਲਿਖੀਆਂ ਕਿਤਾਬਾਂ ਬਾਰੇ ਹੈਡਮਾਸਟਰ ਹਰਿੰਦਰ ਸਿੰਘ ਭੁੱਲਰ, ਮਾ. ਦਰਸ਼ਨ ਸਿੰਘ ਸਿੱਧੂ, ਮਾ. ਸੁਖਵਿੰਦਰ ਸਿੰਘ ਬਾਠ, ਲੈਕਚਰਾਰ ਗੁਰਦੀਪ ਸਿੰਘ ਚਹਿਲ ਅਤੇ ਲੈਕਚਰਾਰ ਦਹੂਦ ਸਿੰਘ ਨੇ ਚਾਨਣਾ ਪਾਉਂਦੇ ਹੋਏ ਦਾਜ ਪ੍ਰਥਾ, ਭਰੂਣ ਹੱਤਿਆ ਅਤੇ ਵੱਖ-ਵੱਖ ਤਰੀਕਿਆਂ ਨਾਲ ਧੀਆਂ ਨੂੰ ਮਾਰੇ ਜਾਣ ਬਾਰੇ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਚਾਹੇ ਪ੍ਰੀਤੀਮਾਨ ਆਰਥਿਕ ਪੱਖੋਂ ਡਾਵਾਂਡੋਲ ਸਥਿਤੀ ਵਿੱਚ ਰਿਹਾ ਹੈ, ਪ੍ਰੰਤੂ ਖੁੱਲ੍ਹ ਕੇ ਅਵਾਜ਼ ਬੁਲੰਦ ਕਰਨ ਵਿੱਚ ਕਾਮਯਾਬ ਰਿਹਾ ਹੈ, ਜਿਸਦੇ ਸਾਰਥਕ ਸਿੱਟੇ ਸਾਹਮਣੇ ਆਏ ਹਨ।

ਹਰਜੀਤ ਸਿੰਘ ਸਿੱਧੂ ਫੂਲਕਾ ਨੇ ਮਾਂ-ਬੋਲੀ ਪੰਜਾਬੀ ਕਵਿਤਾ ਗਾ ਕੇ ਖੂਬ ਰੰਗ ਬੰਨ੍ਹਿਆ। ਦਰਸ਼ਨ ਸਿੰਘ ਪ੍ਰੀਤੀਮਾਨ ਨੇ ਕਲੱਬ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਮਨੁੱਖ ਭਾਗਾਂ ਵਾਲਾ ਹੁੰਦਾ ਹੈ, ਜਿਸਦੇ ਜਿਉਂਦੇ ਜੀਅ ਸੁਪਨੇ ਸਾਕਾਰ ਹੋਣ। ਇਸ ਸਮੇਂ ਕਲੱਬ ਮੈਂਬਰ ਗੁਰਭਗਤ ਗੋਰਾ, ਸਤਨਾਮ ਸਿੰਘ, ਧਰਮਪ੍ਰੀਤ ਸਿੰਘ, ਡਾ. ਨਿਰੰਜਨ ਸਿੰਘ ਚੌਹਾਨ, ਦਰਸ਼ਨ ਸਿੰਘ ਭੁੱਲਰ, ਬਲਦੇਵ ਸਿੰਘ ਸੰਧੂ, ਗਮਦੂਰ ਜੱਸੀ, ਗੁਰਦਿਆਲ ਸਿੰਘ ਲਾਲੀ, ਮਾ. ਜਗਦੀਸ਼ ਗਾਟਵਾਲੀ, ਰਵਿਦਾਸ ਕਲੱਬ ਦੇ ਪ੍ਰਧਾਨ ਹਰਦੇਵ ਸਿੰਘ, ਤੋਤਾ ਸਿੰਘ, ਕਾਲਾ ਸਿੰਘ ਆਦਿ ਹਾਜ਼ਰ ਸਨ। ਸਮਾਗਮ ਵਿੱਚ ਹਰਜੀਤ ਕੌਰ ਅਕਾਲੀ ਸਿੱਧੂ ਤੇ ਚਾਨਣਦੀਪ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਨਸ਼ੇ ਦੇ ਖਾਤਮੇ ਨੂੰ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਕੋਈ ਕਮੀ ਨਹੀਂ ਛੱਡੇਗਾ : ਕੋਮਲ ਮਿੱਤਲ

**ਹੁਸ਼ਿਆਰਪੁਰ: (ਓ ਪੀ ਰਾਣਾ )**-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਜ਼ਿਲ੍ਹੇ ਵਿਚ ਨਸ਼ੇ ਦੇ ਖਾਤਮੇ ਲਈ ਸਾਰੇ ਵਿਭਾਗ ਇਕਜੁੱਟਤਾ ਨਾਲ ਕੰਮ ਕਰਨ, ਤਾਂ ਜੋ ਸਮਾਜ ਵਿਚ ਫੈਲੇ ਇਸ ਜ਼ਹਿਰ ਨੂੰ ਜੜ ਤੋਂ ਖਤਮ ਕੀਤਾ ਜਾ ਸਕੇ। ਉਨ੍ਹਾਂ ਸਕੂਲ ਸਿੱਖਿਆ ਵਿਭਾਗ, ਸਿਹਤ, ਡਰੱਗ ਕੰਟਰੋਲ, ਆਬਕਾਰੀ ਤੇ ਕਰ, ਪੁਲਸ ਵਿਭਾਗ ਤੋਂ ਇਲਾਵਾ ਹੋਰ ਸਾਰੇ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੇ ਪੱਧਰ 'ਤੇ ਨਸ਼ੇ ਦੀ ਰੋਕਥਾਮ ਸਬੰਧੀ ਹਰ ਜ਼ਰੂਰੀ ਕਾਰਵਾਈ ਅਮਲ ਵਿਚ ਲਿਆਉਣ। ਉਹ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਮਾਸਿਕ ਮੀਟਿੰਗਾਂ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਐਸ.ਐਸ.ਪੀ ਸੁਰੇਂਦਰ ਲਾਂਬਾ ਵੀ ਮੌਜੂਦ ਸਨ।ਡਿਪਟੀ ਕਮਿਸ਼ਨਰ ਨੇ ਐਕਸਾਈਜ਼ ਵਿਭਾਗ, ਡਰੱਗ ਇੰਸਪੈਕਟਰ ਅਤੇ ਪੁਲਿਸ ਨੂੰ ਸਾਂਝੇ ਤੌਰ 'ਤੇ ਮੈਡੀਕਲ ਸਟੋਰਾਂ ਦੀ ਚੈਕਿੰਗ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਨਸ਼ੇ ਦੇ ਖਾਤਮੇ ਨੂੰ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਛੱਡੇਗਾ ਅਤੇ ਹਰ ਜ਼ਰੂਰੀ ਕਦਮ ਉਠਾਏ ਜਾਣਗੇ। ਇਸ ਦੌਰਾਨ ਐਸ.ਐਸ.ਪੀ ਸੁਰੇਂਦਰ ਲਾਂਬਾ ਨੇ ਸਾਰੇ ਵਿਭਾਗਾਂ ਨੂੰ ਸਾਵਧਾਨ ਕਰਦੇ ਹੋਏ ਕਿਹਾ ਕਿ ਜਿਥੇ ਵੀ ਉਨ੍ਹਾਂ ਨੂੰ ਨਸ਼ੇ ਦੀ ਵਿਕਰੀ ਸਬੰਧੀ ਕੋਈ ਗੱਲ ਧਿਆਨ ਵਿਚ ਆਉਂਦੀ ਹੈ, ਤਾਂ ਉਹ ਪੁਲਿਸ ਵਿਭਾਗ ਨੂੰ ਇਸ ਦੀ ਜਾਣਕਾਰੀ ਦੇਣ। ਉਨ੍ਹਾਂ ਨਸ਼ਾ ਛਡਾਊ ਅਤੇ ਪੁਨਰਵਾਸ ਕੇਂਦਰ ਨੂੰ ਵੀ ਇਸ ਦਿਸ਼ਾ ਵਿਚ ਸਾਰਥਕ ਸਹਿਯੋਗ ਦੇਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਨਸ਼ੇ ਸਬੰਧੀ ਜਾਣਕਾਰੀ ਦੇਣ ਵਾਲੇ ਵਿਅਕਤੀ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।ਡਿਪਟੀ ਕਮਿਸ਼ਨਰ ਨੇ ਇਸ ਦੌਰਾਨ ਸੜਕ ਹਾਦਸਿਆਂ ਨੂੰ ਰੋਕਣ ਸਬੰਧੀ ਅਧਿਕਾਰੀਆਂ ਨੂੰ ਗੁੱਡ ਸਮਾਰੀਟਨ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸੜਕ ਹਾਦਸਿਆਂ ਦੇ ਪੀੜਤਾਂ ਦੀ ਜਾਨ ਬਚਾਉਣ ਵਾਲੇ ਮਦਦਗਾਰ ਵਿਅਕਤੀ ਨੂੰ 5-5 ਹਜ਼ਾਰ ਰੁਪਏ ਪੁਰਸਕਾਰ ਰਾਸ਼ੀ ਵਜੋਂ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਮਦਦਗਾਰ ਵਿਅਕਤੀ ਨੂੰ ਹਸਪਤਾਲ ਦੇ ਡਾਕਟਰ ਜਾਂ ਪੁਲਸ ਦੁਆਰਾ ਗੁਡ ਸਮਾਰੀਟਨ ਸਰਟੀਫਿਕੇਟ ਦਿੱਤਾ ਜਾਵੇਗਾ। ਇਸ ਦੌਰਾਨ



ਉਨ੍ਹਾਂ ਨੇ ਜਿਥੇ ਸੇਫ ਸਕੂਲ ਵਾਹਨ ਸਕੀਮ ਦੀ ਸਮੀਖਿਆ ਕੀਤੀ, ਉਥੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਯਕੀਨੀ ਬਣਾਉਣ ਕਿ ਜ਼ਿਲ੍ਹੇ ਦੇ ਕਿਸੇ ਵੀ ਬੱਸ ਸਟੈਂਡ ਦੇ ਬਾਹਰ ਵਾਹਨ ਨਾ ਖੜ੍ਹਾ ਹੋਵੇ।ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਿਹਤ ਅਧਿਕਾਰੀਆਂ ਨੂੰ ਬੱਚਿਆਂ ਅਤੇ ਗਰਭਵਤੀ ਔਰਤਾਂ ਨੂੰ ਲੱਗਣ ਵਾਲੇ ਰੁਟੀਨ ਟੀਕਾਕਰਨ ਨੂੰ ਮਜ਼ਬੂਤ ਬਣਾਉਣ ਲਈ ਨਿਰਦੇਸ਼ ਦਿੱਤੇ। ਉਨ੍ਹਾਂ ਸਿਹਤ ਵਿਭਾਗ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਜ਼ਿਲ੍ਹਾ ਵਾਸੀਆਂ ਨੂੰ ਸਰਕਾਰੀ ਸਿਹਤ ਕੇਂਦਰਾਂ ਵਿਚ ਸੁਚਾਰੂ ਢੰਗ ਨਾਲ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ ਰਾਹੀਂ ਲੋਕਾਂ ਤੱਕ ਬਿਹਤਰ ਢੰਗ ਨਾਲ ਸਿਹਤ ਸੁਵਿਧਾਵਾਂ ਪਹੁੰਚਾਉਣਾ ਯਕੀਨੀ ਬਣਾਈਆਂ ਜਾਣ। ਇਸ ਦੌਰਾਨ ਉਨ੍ਹਾਂ ਕਿਹਾ ਕਿ ਗਰਭਵਤੀ ਔਰਤਾਂ ਦੀ ਡਿਲੀਵਰੀ ਵੱਧ ਤੋਂ ਵੱਧ ਸਰਕਾਰੀ ਹਸਪਤਾਲਾਂ ਵਿਚ ਕਰਵਾਉਣ ਲਈ ਗਤੀਵਿਧੀਆਂ ਹੋਰ ਤੇਜ਼ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਡਿਲੀਵਰੀ ਦੌਰਾਨ ਬੀ.ਪੀ.ਐਲ ਪਰਿਵਾਰਾਂ ਨਾਲ ਸਬੰਧਤ ਔਰਤਾਂ ਨੂੰ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਵੀ ਸੁਚਾਰੂ ਢੰਗ ਨਾਲ ਦਿੱਤੀ ਜਾਵੇ। ਉਨ੍ਹਾਂ ਡਰੱਗ ਐਂਡ ਕਾਸਮੈਟਿਕ ਐਕਟ ਤਹਿਤ ਮੈਡੀਕਲ ਸਟੋਰਾਂ ਦੀ ਜਾਂਚ ਯਕੀਨੀ ਬਣਾਉਣ ਦੇ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਬੇਨਿਯਮੀ ਸਾਹਮਣੇ ਆਉਣ 'ਤੇ ਸਖਤ ਐਕਸ਼ਨ ਲਿਆ ਜਾਵੇ। ਉਨ੍ਹਾਂ ਕਿਹਾ ਕਿ ਟੀ.ਬੀ ਦੀ ਬਿਮਾਰੀ ਸਬੰਧੀ ਵੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾਵੇ ਅਤੇ ਇਸ ਤਰ੍ਹਾਂ ਦੇ ਮਰੀਜ਼ ਸਾਹਮਣੇ ਆਉਣ 'ਤੇ ਉਨ੍ਹਾਂ ਦਾ ਫੌਰੀ ਇਲਾਜ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਇਸ ਤੋਂ ਪਹਿਲਾਂ ਸਕੂਲ ਸਿੱਖਿਆ ਵਿਭਾਗ ਦੇ ਕੰਮਾਂ ਦੀ ਸਮੀਖਿਆ ਕਰਦੇ ਹੋਏ ਸਕੂਲ ਆਫ਼ ਐਮੀਨੈਂਸ 'ਤੇ ਚਰਚਾ ਕੀਤੀ। ਇਸ ਦੌਰਾਨ ਉਨ੍ਹਾਂ ਨੇ ਮਿਡ-ਡੇ-ਮੀਲ ਤਹਿਤ ਦਿੱਤੇ ਜਾ ਰਹੇ ਖਾਣੇ ਦੀ ਗੁਣਵੱਤਾ ਬਰਕਰਾਰ ਰੱਖਣ ਦੀ ਹਦਾਇਤ ਵੀ ਕੀਤੀ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਸਕੂਲਾਂ ਵਿਚ ਬਾਥਰੂਮਾਂ ਅਤੇ ਕਮਰਿਆਂ ਦੀ ਸਾਫ਼-ਸਫਾਈ ਤੋਂ ਇਲਾਵਾ ਹੋਰ ਸੁਵਿਧਾਵਾਂ ਵੀ ਯਕੀਨੀ ਬਣਾਉਣ, ਤਾਂ ਜੋ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਵਧੀਆ ਮਾਹੌਲ ਦਿੱਤਾ ਜਾ ਸਕੇ। ਇਸ ਦੌਰਾਨ ਉਨ੍ਹਾਂ ਸਮੱਗਰ ਸਿੱਖਿਆ ਅਭਿਆਨ ਅਤੇ ਸਕੂਲ ਸਿੱਖਿਆ ਵਿਭਾਗ ਦੇ ਹੋਰ ਪ੍ਰੋਗਰਾਮ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਨਗਰ ਪ੍ਰੀਸ਼ਦਾਂ ਦੇ ਕਾਰਜਕਾਰੀ ਅਫ਼ਸਰਾਂ ਅਤੇ ਬੀ.ਡੀ.ਪੀ.ਓਜ਼ ਨੂੰ ਪੈਂਡਿੰਗ ਕੰਮ ਜਲਦ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਜਲ ਜੀਵਨ ਮਿਸ਼ਨ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਮਗਨਰੇਗਾ, ਸਮਾਰਟ ਵਿਲੇਜ ਕੰਪੇਨ, ਪੰਜਾਬ ਨਿਰਮਾਣ, ਯੂ.ਈ.ਆਈ.ਪੀ ਪ੍ਰੋਗਰਾਮ, ਪ੍ਰਧਾਨ ਮੰਤਰੀ ਮਾਤਰ ਵੰਦਨਾ ਯੋਜਨਾ, ਪੋਸ਼ਣ ਅਭਿਆਨ, ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ, ਜੀ.ਐਸ.ਟੀ, ਐਕਸਾਈਜ਼, ਇੰਟੀਗ੍ਰੇਟਿਡ ਚਾਈਲਡ ਡਿਵੈਲਪਮੈਂਟ ਸਕੀਮ, ਬੇਟੀ ਬਚਾਓ-ਬੇਟੀ ਪੜ੍ਹਾਓ, ਵਨ ਸਟਾਪ ਸੈਂਟਰ, ਕ੍ਰਿਸ਼ੀ ਵਿਭਾਗ, ਸਮਾਰਟ ਰਾਸ਼ਨ ਕਾਰਡ, ਫੂਡ ਸੇਫਟੀ, ਸੇਫ ਸਕੂਲ ਵਾਹਨ ਪਾਲਿਸੀ, ਸਹਿਕਾਰਤਾ ਵਿਭਾਗ, ਪਸ਼ੂ ਪਾਲਣ ਵਿਭਾਗ, ਸਮਾਜਿਕ ਸੁਰੱਖਿਆ ਵਿਭਾਗ ਦੇ ਕੰਮਾਂ ਦੀ ਵੀ ਸਮੀਖਿਆ ਕੀਤੀ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਪਹਿਲਾ ਸਥਾਨ ਹਾਸਲ ਕਰਨ ਵਾਲੀ ਵਿਦਿਆਰਥਣ ਸਨਮਾਨਤ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**-ਹਾਲ ਹੀ ਵਿੱਚ ਨਵੀਂ ਦਿੱਲੀ ਵਿਖੇ ਹੋਏ ਰਾਸ਼ਟਰੀ ਪੱਧਰ ਦੇ ਕਲਾ ਉਤਸਵ ਮੁਕਾਬਲਿਆਂ ਵਿੱਚ ਮੋਹਾਲੀ ਦੀ ਵਿਦਿਆਰਥਣ ਅੰਸ਼ੂ ਕੁਮਾਰੀ ਨੇ ਮੂਰਤੀ ਕਲਾ ਵਿੱਚ ਰਾਸ਼ਟਰੀ ਪੱਧਰ ਦਾ ਪਹਿਲਾ ਇਨਾਮ ਜਿੱਤਿਆ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਗਿੰਨੀ ਦੁੱਗਲ ਨੇ ਦੱਸਿਆ ਕਿ ਸਕੂਲ ਆਫ ਐਮੀਨੈਂਸ ਫੇਜ਼ 3ਬੀ1 ਮੋਹਾਲੀ ਦੀ ਵਿਦਿਆਰਥਣ ਅੰਸ਼ੂ ਕੁਮਾਰੀ ਨੇ ਉਕਤ ਮੁਕਾਬਲੇ ਵਿੱਚ ਹਿੱਸਾ ਲਿਆ ਸੀ ਜਿਸ ਨੇ ਦੇਸ਼ ਭਰ ਵਿੱਚੋਂ ਸੋਨੇ ਦਾ ਤਮਗਾ ਜਿੱਤਦਿਆਂ ਪਹਿਲਾ ਸਥਾਨ ਹਾਸਲ ਕੀਤਾ ਹੈ। ਉਹਨਾਂ ਦੱਸਿਆ ਕਿ ਸਕੂਲ ਦੇ ਲੈਕਚਰਾਰ ਡਾਕਟਰ ਰਮੇਸ਼ ਵਾਸੂਦੇਵਾ ਅਤੇ ਪ੍ਰਿੰਸੀਪਲ ਸਲਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਅੰਸ਼ੂ ਕੁਮਾਰੀ ਨੇ ਇਹ ਪ੍ਰਾਪਤੀ ਹਾਸਿਲ ਕੀਤੀ ਹੈ। ਉਹਨਾਂ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਦੇਸ਼ ਭਰ ਦੇ ਸਾਰੇ ਸੂਬਿਆਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਤੋਂ ਆਏ ਹੋਏ ਜੇਤੂ ਵਿਦਿਆਰਥੀਆਂ ਨੇ ਹਿੱਸਾ ਲਿਆ ਸੀ ਜਿਨਾਂ ਵਿੱਚੋਂ ਅੰਸ਼ੂ ਕੁਮਾਰੀ ਸਭ ਤੋਂ ਮੋਹਰੀ ਰਹੀ ਹੈ। ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਅਤੇ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਇਸ ਵਿਦਿਆਰਥਣ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇੱਥੇ ਇਹ ਗੱਲ ਖਾਸ ਤੌਰ ਤੇ ਜ਼ਿਕਰਯੋਗ ਹੈ ਕਿ ਇਸੇ ਸਕੂਲ ਦੇ ਵਿਦਿਆਰਥੀ ਸ਼ਰਨਪ੍ਰੀਤ ਸਿੰਘ ਨੇ ਪਿਛਲੇ ਸਾਲ ਹੋਏ ਚਿੱਤਰ ਕਲਾ ਮੁਕਾਬਲਿਆਂ ਵਿੱਚ ਵੀ ਇਸ ਤਰ੍ਹਾਂ ਹੀ ਰਾਸ਼ਟਰੀ ਪੱਧਰ 'ਤੇ ਦੂਜਾ ਇਨਾਮ ਹਾਸਿਲ ਕਰਕੇ ਚਾਂਦੀ ਦਾ ਤਮਗਾ ਜਿੱਤਦਿਆਂ ਮੋਹਾਲੀ ਦਾ ਨਾਂਅ ਦੇਸ਼ ਭਰ ਵਿੱਚ ਚਮਕਾਇਆ ਸੀ।

# ਲੰਬਿਤ ਇੰਤਕਾਲ ਦਰਜ ਕਰਨ ਲਈ ਲਾਏ ਕੈਂਪਾਂ ਨੂੰ ਭਰਵਾਂ ਹੁੰਗਾਰਾ: ਅਨਮੋਲ ਗਗਨ ਮਾਨ



**ਮੋਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ )**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਨਿਰਦੇਸ਼ਾਂ ਉੱਤੇ ਅਮਲ ਕਰਦਿਆਂ ਮਾਲ ਵਿਭਾਗ ਨੇ 15 ਜਨਵਰੀ (ਸੋਮਵਾਰ) ਨੂੰ ਹਰੇਕ ਤਹਿਸੀਲ ਅਤੇ ਸਬ ਤਹਿਸੀਲ ਵਿੱਚ ਵਿਸ਼ੇਸ਼ ਕੈਂਪ ਲਗਾ ਕੇ ਲੰਬਿਤ ਪਏ ਇੰਤਕਾਲ ਦਰਜ ਕੀਤੇ। ਇਸੇ ਲੜੀ ਤਹਿਤ ਮਾਜਰੀ ਵਿਖੇ ਲਾਏ ਕੈਂਪ ਦਾ ਜਾਇਜ਼ਾ ਕੈਬਨਿਟ ਮੰਤਰੀ, ਪੰਜਾਬ, ਅਨਮੋਲ ਗਗਨ ਮਾਨ ਨੇ ਲਿਆ। ਇਸ ਮੌਕੇ ਸਹਾਇਕ ਕਮਿਸ਼ਨਰ (ਸਿਖਲਾਈ ਅਧੀਨ) [illegible] ਗੋਇਲ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਮਾਲ ਵਿਭਾਗ ਦੀਆਂ ਸੇਵਾਵਾਂ ਲੋਕਾਂ ਤੱਕ ਸੁਚਾਰੂ ਤਰੀਕੇ ਨਾਲ ਪਹੁੰਚਾਉਣ ਦੀ ਦਿਸ਼ਾ ਵਿੱਚ ਵੱਡੀ ਪੁਲਾਂਘ ਪੁੱਟਦਿਆਂ 6 ਜਨਵਰੀ ਨੂੰ ਸੂਬੇ ਦੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਦੀਆਂ ਹਦਾਇਤਾਂ ਅਨੁਸਾਰ ਛੁੱਟੀ ਵਾਲੇ ਦਿਨ ਪੰਜਾਬ ਭਰ ਦੇ ਮਾਲ ਦਫ਼ਤਰਾਂ ਵਿੱਚ ਲੰਬਿਤ ਪਏ ਇੰਤਕਾਲ ਦਰਜ ਕਰਨ ਦੇ ਵਿਸ਼ੇਸ਼ ਮੁਹਿੰਮ ਨੂੰ ਮਿਲੇ ਭਰਵੇਂ ਹੁੰਗਾਰੇ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਸੀ। ਕੈਂਪ ਦੌਰਾਨ ਸਾਰੇ ਲੰਬਿਤ ਇੰਤਕਾਲ ਮੌਕੇ ਉੱਤੇ ਹੀ ਦਰਜ ਕਰਨ ਲਈ ਅਧਿਕਾਰੀਆਂ ਨੂੰ ਪਹਿਲਾਂ ਹੀ ਆਦੇਸ਼ ਦਿੱਤੇ ਗਏ ਸਨ ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਮਾਲ ਵਿਭਾਗ ਵਿਚ ਜੇਕਰ ਕਿਸੇ ਵੀ ਪੱਧਰ 'ਤੇ ਲੋਕਾਂ ਨੂੰ ਕੰਮ ਕਰਵਾਉਣ ਵਿਚ ਕੋਈ ਦਿੱਕਤ ਆਉਂਦੀ ਹੈ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਸ ਬਾਬਤ ਜਾਰੀ ਹੈਲਪਲਾਈਨ ਨੰਬਰ 8184900002 'ਤੇ ਲਿਖਤੀ ਸ਼ਿਕਾਇਤ ਵੱਟਸਐਪ ਕੀਤੀ ਜਾ ਸਕਦੀ ਹੈ। ਐਨ.ਆਰ.ਆਈਜ਼ ਆਪਣੀਆਂ ਲਿਖਤੀ ਸ਼ਿਕਾਇਤਾਂ 9464100168 ਨੰਬਰ 'ਤੇ ਭੇਜ ਸਕਦੇ ਹਨ।

# ਸ਼ੇਰਗਿੱਲ ਨੇ ਜੋਤਿਰਾਦਿੱਤਿਆ ਸਿੰਧੀਆ ਤੋਂ ਆਦਮਪੁਰ ਤੋਂ ਬਨਾਰਸ ਲਈ ਫਲਾਈਟ ਸ਼ੁਰੂ ਕਰਨ ਦੀ ਕੀਤੀ ਮੰਗ

**ਜਲੰਧਰ (ਸੁਰਿੰਦਰ ਕੁਮਾਰ)** ਪੰਜਾਬ ਿੱਚ ਭਾਜਪਾ ਦੇ ਕੌਮੀ ਬੁਲਾਰੇ ਜੈਵੀਰ ਸ਼ੇਰਗਿੱਲ ਨੇ ਪੰਜਾਬ ਭਾਜਪਾ ਆਗੂਆਂ ਸੁਸ਼ੀਲ ਸ਼ਰਮਾ ਜ਼ਿਲ੍ਹਾ ਪ੍ਰਧਾਨ ਭਾਜਪਾ ਜਲੰਧਰ, ਅਸ਼ੋਕ ਸਰੀਨ ਜਨਰਲ ਸਕੱਤਰ ਭਾਜਪਾ ਜਲੰਧਰ, ਡਿੰਪੀ ਸਚਦੇਵਾ ਅਤੇ ਰਾਜੇਸ਼ ਕਪੂਰ ਨਾਲ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਜੇ.ਐਮ ਸਿੰਧੀਆ ਨਾਲ ਮੁਲਾਕਾਤ ਕੀਤੀ ਅਤੇ ਆਦਮਪੁਰ ਤੋਂ ਦਿੱਲੀ ਲਈ ਉਡਾਣਾਂ ਬਹਾਲ ਕਰਨ ਦੀ ਮੰਗ ਉਠਾਉਣ ਦੇ ਨਾਲ-ਨਾਲ ਸਮੂਹ ਭਾਈਚਾਰਿਆਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਰਵਿਦਾਸ ਜੀ ਦੀ ਜਨਮ ਭੂਮੀ ਅਤੇ ਸ੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਦੀ ਪਵਿੱਤਰ ਧਰਤੀ ਦੇ ਦਰਸ਼ਨਾਂ ਲਈ ਆਦਮਪੁਰ ਤੋਂ ਬਨਾਰਸ ਤੱਕ ਸਿੱਧੀ ਉਡਾਣ ਸ਼ੁਰੂ ਕਰਨ ਦੀ ਵੀ ਬੇਨਤੀ ਕੀਤੀ।ਇਸ ਦੌਰਾਨ ਸ਼ੇਰਗਿੱਲ ਨੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਨੂੰ ਦੱਸਿਆ ਕਿ ਪੰਜਾਬ ਦੇ ਦੋਆਬਾ ਖੇਤਰ ਦੇ ਨਾਲ-ਨਾਲ ਹਿਮਾਚਲ ਪ੍ਰਦੇਸ਼ ਦੇ ਸਰਹੱਦੀ ਖੇਤਰਾਂ ਲਈ ਹਵਾਈ ਸੰਪਰਕ ਦੀਆਂ ਸੰਭਾਵਨਾਵਾਂ ਅਤੇ ਲੋੜਾਂ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ 1 ਮਈ, 2018 ਨੂੰ ਘੱਟ ਲਾਗਤ ਵਾਲੀ ਏਅਰਲਾਈਨ ਸਪਾਈਸ ਜੈੱਟ ਨੂੰ ਉਡਾਨ ਸਕੀਮ ਤਹਿਤ ਦਿੱਲੀ-ਆਦਮਪੁਰ ਸੈਕਟਰ 'ਤੇ ਉਡਾਣਾਂ ਚਲਾਉਣ ਦੀ ਇਜਾਜ਼ਤ ਦਿੱਤੀ ਗਈ ਸੀ। ਇਹ ਉਡਾਣ ਮਾਰਚ 2020 ਤੱਕ ਸਫਲਤਾਪੂਰਵਕ ਚਲਾਈ



ਗਈ ਸੀ। ਅਜਿਹੀ ਸਥਿਤੀ ਵਿੱਚ ਹਵਾਈ ਆਵਾਜਾਈ ਨੂੰ ਮਿਲੇ ਹਾਂ-ਪੱਖੀ ਹੁੰਗਾਰੇ ਨੂੰ ਦੇਖਦੇ ਹੋਏ ਅਤੇ ਸੈਕਟਰ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ, ਤੁਸੀਂ ਮੁੰਬਈ, ਜੈਪੁਰ-ਆਦਮਪੁਰ ਸੈਕਟਰ ਨੂੰ ਜੋੜਨ ਦੇ ਇਰਾਦੇ ਨਾਲ ਏਏਆਈ ਦੁਆਰਾ ਇੱਕ ਨਵੀਂ ਟਰਮੀਨਲ ਇਮਾਰਤ ਦੇ ਨਿਰਮਾਣ ਨੂੰ ਮਨਜ਼ੂਰੀ ਦਿੱਤੀ ਸੀ।ਭਾਜਪਾ ਦੇ ਬੁਲਾਰੇ ਨੇ ਸਿੰਧੀਆ ਨੂੰ ਦੱਸਿਆ ਕਿ ਭਾਰੀ ਆਵਾਜਾਈ ਅਤੇ ਮੰਗ ਦੇ ਬਾਵਜੂਦ, ਸਪਾਈਸ ਜੈੱਟ ਨੇ ਨਵੰਬਰ 2020 (ਅਪ੍ਰੈਲ 2021 ਵਿੱਚ ਦੋ ਦਿਨਾਂ ਦੇ ਸੰਚਾਲਨ ਨੂੰ ਛੱਡ ਕੇ) ਤੋਂ ਇਸ ਵਿਸ਼ੇਸ਼ ਖੇਤਰ ਵਿੱਚ ਕੋਈ ਉਡਾਣ ਨਹੀਂ ਚਲਾਈ ਹੈ। ਇਸ ਨਾਲ ਦੋਆਬਾ ਖੇਤਰ ਦੇ ਮੁਸਾਫਰਾਂ, ਸੈਲਾਨੀਆਂ ਅਤੇ ਨਿਵਾਸੀਆਂ ਨੂੰ ਕਾਫੀ ਦਿੱਕਤ ਆ ਰਹੀ ਹੈ ਅਤੇ ਉਡਾਣ ਯੋਜਨਾ ਦੀ ਪ੍ਰਭਾਵਸ਼ੀਲਤਾ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਇਸ ਤੋਂ ਇਲਾਵਾ, ਕਿਸੇ ਵੀ ਉਡਾਣ ਦੀ ਅਣਹੋਂਦ ਵਿੱਚ ਏਏਆਈ ਦੁਆਰਾ ਸ਼ੁਰੂ ਕੀਤਾ ਜਾ ਰਿਹਾ ਨਵਾਂ ਟਰਮੀਨਲ ਨਿਰਮਾਣ ਪ੍ਰੋਜੈਕਟ ਅਰਥਹੀਣ ਹੋਵੇਗਾ। ਇਸ ਲਈ, ਉਹ ਤੁਹਾਨੂੰ ਬੇਨਤੀ ਕਰਦੇ ਹਨ ਕਿ ਛੇਤੀ ਤੋਂ ਛੇਤੀ ਦਿੱਲੀ-ਆਦਮਪੁਰ-ਦਿੱਲੀ ਸੈਕਟਰ ਦੇ ਨਾਲ-ਨਾਲ ਪ੍ਰਸਤਾਵਿਤ ਸੈਕਟਰਾਂ ਵਿੱਚ ਉਡਾਣਾਂ ਮੁੜ ਸ਼ੁਰੂ ਕਰਨ ਲਈ ਏਅਰਲਾਈਨਾਂ ਨੂੰ ਨਿਰਦੇਸ਼ ਜਾਰੀ ਕੀਤੇ ਜਾਣ।ਇਸ ਦੇ ਨਾਲ ਹੀ ਸ਼ੇਰਗਿੱਲ ਨੇ ਆਦਮਪੁਰ-ਬਨਾਰਸ-ਆਦਮਪੁਰ ਉਡਾਣਾਂ ਸ਼ੁਰੂ ਕਰਨ ਦਾ ਇੱਕ ਹੋਰ ਅਹਿਮ ਮੁੱਦਾ ਵੀ ਉਠਾਇਆ। ਉਨ੍ਹਾਂ ਕੇਂਦਰੀ ਮੰਤਰੀ ਨੂੰ ਦੱਸਿਆ ਕਿ ਪੰਜਾਬ ਦੀ ਲਗਭਗ 40 ਫੀਸਦੀ ਆਬਾਦੀ ਅਨੁਸੂਚਿਤ ਜਾਤੀ ਦੀ ਹੈ, ਜੋ ਸ਼੍ਰੀ ਗੁਰੂ ਰਵਿਦਾਸ ਜੀ ਦੇ ਪੈਰੋਕਾਰ ਹਨ। ਉਨ੍ਹਾਂ ਦੱਸਿਆ ਕਿ ਆਦਮਪੁਰ ਪੰਜਾਬ ਦੇ ਦੋਆਬਾ ਖੇਤਰ ਵਿੱਚ ਪੈਂਦਾ ਹੈ, ਜਿੱਥੇ ਐਸਸੀ ਭਾਈਚਾਰੇ ਦੀ ਸਭ ਤੋਂ ਵੱਧ ਗਿਣਤੀ ਹੈ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਬਨਾਰਸ ਪੰਜਾਬ ਦੇ ਐਸਸੀ ਭਾਈਚਾਰੇ ਲਈ ਬਹੁਤ ਮਹੱਤਵ ਰੱਖਦਾ ਹੈ, ਕਿਉਂਕਿ ਇਹ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਸਥਾਨ ਹੈ। ਇਸ ਤੋਂ ਇਲਾਵਾ, ਇਹ ਸੁਵਿਧਾ ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਨੂੰ ਵੀ ਸਹੂਲਤ ਪ੍ਰਦਾਨ ਕਰੇਗੀ।ਸ਼ੇਰਗਿੱਲ ਨੇ ਸਿੰਧੀਆ ਨੂੰ ਇਸ ਸਬੰਧ ਵਿਚ ਇਕ ਪੱਤਰ ਵੀ ਸੌਂਪਿਆ।

# ਵਿਸ਼ੇਸ਼ ਕੈਂਪ ਲਗਾ ਕੇ ਲੰਬਿਤ ਇੰਤਕਾਲ ਕੀਤੇ ਗਏ ਦਰਜ : ਡੀ ਸੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਜ਼ਿਲ੍ਹੇ ਦੀਆਂ ਸਾਰੀਆਂ ਤਹਿਸੀਲਾਂ ਅਤੇ ਸਬ-ਤਹਿਸੀਲਾਂ ਵਿਚ ਵਿਸੇਸ ਕੈਂਪ ਲਗਾ ਕੇ ਲੰਬਿਤ ਇੰਤਕਾਲ ਦਰਜ ਗਏ, ਜਿਸ ਦਾ ਆਮ ਲੋਕਾਂ ਨੂੰ ਕਾਫੀ ਫਾਇਦਾ ਹੋਇਆ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਲਗਾਇਆ ਗਿਆ ਇਹ ਦੂਜਾ ਵਿਸ਼ੇਸ਼ ਕੈਂਪ ਸੀ, ਜਿਸ ਵਿਚ ਲੋਕਾਂ ਦੇ ਲੰਬਿਤ ਇੰਤਕਾਲ ਦਰਜ ਕੀਤੇ ਗਏ। ਉਨ੍ਹਾਂ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ 'ਤੇ ਜ਼ਿਲ੍ਹੇ ਦੇ ਮਾਲ ਅਫਸਰਾਂ ਵੱਲੋਂ ਜ਼ਿਲ੍ਹੇ ਦੀਆਂ ਤਹਿਸੀਲਾਂ ਅਤੇ ਸਬ-ਤਹਿਸੀਲਾਂ ਵਿਚ ਕੈਂਪ ਲਗਾ ਕੇ ਲੋਕਾਂ ਦੇ ਲੰਬਿਤ ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਵਿਸ਼ੇਸ਼ ਕੈਂਪ ਵਿਚ ਜ਼ਿਲ੍ਹੇ ਦੇ ਸਮੂਹ ਤਹਿਸੀਲਾਂ ਦੇ ਸੀ.ਆਰ.ਓਜ, ਕਾਨੂੰਗੋ ਅਤੇ ਪਟਵਾਰੀ ਹਾਜਰ ਸਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਅਜਿਹੇ ਕੈਂਪ ਅੱਗੇ ਤੋਂ ਵੀ ਲਗਦੇ ਰਹਿਣਗੇ। ਉਨ੍ਹਾਂ ਮਾਲ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਇਸ ਦੌਰਾਨ ਐਸ.ਡੀ.ਐਮ ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ ਦੀ ਅਗਵਾਈ ਹੇਠ ਹੁਸ਼ਿਆਰਪੁਰ, ਭੂੰਗਾ ਅਤੇ ਸ਼ਾਮਚੁਰਾਸੀ ਵਿਚ ਵਿਸ਼ੇਸ਼ ਕੈਂਪ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਤਹਿਸੀਲ ਵਿਚ ਕੰਮ ਕਰਵਾਉਣ ਲਈ ਆਉਣ ਵਾਲੇ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸੇ ਤਰ੍ਹਾਂ ਜ਼ਿਲ੍ਹੇ ਦੀਆਂ ਬਾਕੀ ਸਬ-ਡਵੀਜਨਾਂ ਵਿਚ ਵੀ ਸੰਬੰਧਿਤ ਐਸ.ਡੀ.ਐਮਜ ਦੀ ਅਗਵਾਈ ਵਿਚ ਇਹ ਕੈਂਪ ਲਗਾਏ ਗਏ।

# ਮਸੀਤਪਲ ਕੋਟ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ





**ਅੱਡਾ ਸਰਾਂ , (ਕਾਜਲ )**- ਪਿੰਡ ਮਸੀਤਪਲ ਕੋਟ ਵਿਖੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਹਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਪਿੰਡ ਦੀਆਂ ਸਮੂਹ ਸੰਗਤਾਂ ਨੇ ਹਾਜ਼ਰੀ ਲੁਆਈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਏ ਗਏ ਨਗਰ ਕੀਰਤਨ ਦਾ ਪਿੰਡ ਦੇ ਵੱਖ-ਵੱਖ ਪੜਾਵਾਂ ਤੇ ਸੰਗਤਾਂ ਨੇ ਸ਼ਾਨਦਾਰ ਸਵਾਗਤ ਕੀਤਾ ।ਇਸ ਮੌਕੇ ਗਿਆਨੀ ਜਸਵਿੰਦਰ ਸਿੰਘ ਅਤੇ ਸੰਗਤਾਂ ਮਿਲ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ । ਨਗਰ ਕੀਰਤਨ ਵਿਚ ਢਾਡੀ ਰਣਜੀਤ ਸਿੰਘ ਧੁੱਗਾ, ਭਾਈ ਅਰਮਾਨਦੀਪ ਸਿੰਘ ਤੇ ਪਿੰਡ ਦੇ ਬੱਚਿਆਂ ਨੇ ਗੁਰ ਇਤਿਹਾਸ ਸਰਵਣ ਕਰਵਾਇਆ ।ਇਸ ਮੌਕੇ ਪ੍ਰਧਾਨ ਚੈਂਚਲ ਸਿੰਘ, ਜੀਤ ਸਿੰਘ,ਚੰਨਣ ਸਿੰਘ, ਪ੍ਰੇਮਪਾਲ ਸਿੰਘ, ਅਵਤਾਰ ਸਿੰਘ, ਸਵਰਨ ਸਿੰਘ, ਗ੍ਰੰਥੀ ਜਸਵਿੰਦਰ ਸਿੰਘ, ਸਰਪੰਚ ਸੁਰਿੰਦਰ ਕੌਰ,ਪ੍ਰਿਥੀਪਾਲ ਸਿੰਘ, ਗੁਰਮਿੰਦਰ ਸਿੰਘ, ਡਾਕਟਰ ਸਰਵਨ ਸਿੰਘ, ਨਵਜੀਤ ਸਿੰਘ, ਸ਼ਿੰਦਰਪਾਲ ਸਿੰਘ, ਭੁਪਿੰਦਰ ਸਿੰਘ, ਕੁਲਦੀਪ ਸਿੰਘ, ਗੁਰਮੀਤ ਸਿੰਘ,ਪ੍ਰੋ: ਕੁਲਦੀਪ ਸਿੰਘ, ਹਰਬੰਸ ਸਿੰਘ, ਪ੍ਰਧਾਨ ਗੁਰਦੇਵ ਸਿੰਘ, ਮਲਵਿੰਦਰ ਸਿੰਘ, ਸੁਰਿੰਦਰ ਸਿੰਘ, ਦਵਿੰਦਰ ਸਿੰਘ, ਸੁਖਵਿੰਦਰ ਸਿੰਘ ਬੱਬੂ, ਹਰਜੋਤ ਕਮਲ ਸਿੰਘ, ਉਪਿੰਦਰ ਸਿੰਘ, ਜਸਪ੍ਰੀਤ ਸਿੰਘ ਵਿਰਦੀ, ਸੁਖਨਿੰਦਰ ਸਿੰਘ , ਇੰਦਰਪਾਲ ਸਿੰਘ, ਹਰਜਿੰਦਰ ਟੋਨੀ, ਆਦਿ ਤੋਂ ਇਲਾਵਾ ਹੋਰ ਨਗਰ ਨਿਵਾਸੀ ਮੌਜੂਦ ਸਨ ।

# ਸੂਬੇ ਭਰ 'ਚ ਵਿਸ਼ੇਸ਼ ਕੈਂਪਾਂ ਦੌਰਾਨ ਲੰਬਿਤ ਪਏ ਇੰਤਕਾਲਾਂ ਦੇ 50796 ਮਾਮਲੇ ਨਿਪਟਾਏ: ਜਿੰਪਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਤਹਿਤ 15 ਜਨਵਰੀ ਨੂੰ ਪੂਰੇ ਪੰਜਾਬ ਦੀਆਂ ਤਹਿਸੀਲਾਂ ਅਤੇ ਸਬ-ਤਹਿਸੀਲਾਂ 'ਚ ਲੋਕਹਿੱਤ ਨੂੰ ਮੁੱਖ ਰੱਖਦੇ ਹੋਏ ਇੰਤਕਾਲ ਦੇ ਪੈਂਡਿੰਗ (ਲੰਬਿਤ) ਪਏ ਮਾਮਲੇ ਨਿਪਟਾਉਣ ਲਈ ਦੂਸਰਾ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਤੋਂ ਪਹਿਲਾਂ 6 ਜਨਵਰੀ ਨੂੰ ਵੀ ਵਿਸ਼ੇਸ਼ ਕੈਂਪ ਲਗਾਇਆ ਗਿਆ ਸੀ ਜੋ ਕਿ ਬੇਹੱਦ ਸਫਲ ਰਿਹਾ ਸੀ।ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਕੈਂਪਾਂ ਦੌਰਾਨ ਇੰਤਕਾਲਾਂ ਦੇ ਲੰਬਿਤ ਪਏ 50796 ਮਾਮਲੇ ਨਿਪਟਾਏ ਗਏ ਹਨ। ਪਹਿਲੇ ਕੈਂਪ ਵਿਚ 31538 ਜਦਕਿ ਦੂਜੇ ਕੈਂਪ ਵਿਚ 19258 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ। 15 ਜਨਵਰੀ ਨੂੰ ਵਿਸ਼ੇਸ਼ ਕੈਂਪ ਦੌਰਾਨ ਜਿੰਪਾ ਨੇ ਖੁਦ ਬਲਾਚੌਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਪਟਿਆਲਾ ਤਹਿਸੀਲਾਂ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਲੋਕਾਂ ਨਾਲ ਗੱਲਬਾਤ ਕਰਕੇ ਆ ਰਹੀਆਂ ਸਮੱਸਿਆਂਵਾਂ ਦੇ ਹੱਲ ਲਈ ਸਬੰਧਿਤ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਵੀ ਜਾਰੀ ਕੀਤੇ। ਪਹਿਲੇ ਕੈਂਪ ਦੌਰਾਨ ਉਨ੍ਹਾਂ ਨੇ ਹੁਸ਼ਿਆਰਪੁਰ, ਫਗਵਾੜਾ, ਫਿਲੌਰ, ਲੁਧਿਆਣਾ ਪੂਰਬੀ, ਲੁਧਿਆਣਾ ਪੱਛਮੀ ਅਤੇ ਸ਼ਹੀਦ ਭਗਤ ਸਿੰਘ ਨਗਰ ਤਹਿਸੀਲਾਂ ਦਾ ਦੌਰਾ ਕਰਕੇ ਕੰਮਕਾਜ ਦਾ ਜਾਇਜ਼ਾ ਲਿਆ ਸੀ। ਮਾਲ ਮੰਤਰੀ ਨੇ ਦੱਸਿਆ ਕਿ ਜਿਨ੍ਹਾਂ ਲੋਕਾਂ ਦੇ ਇੰਤਕਾਲ ਦੇ ਮਾਮਲੇ ਪੈਂਡਿੰਗ ਪਏ ਸਨ ਉਨ੍ਹਾਂ ਨੇ ਸਬੰਧਿਤ ਤਹਿਸੀਲ/ਸਬ-ਤਹਿਸੀਲ ਵਿੱਚ ਪਹੁੰਚ ਕੇ ਇੰਤਕਾਲ ਸੰਬੰਧੀ ਆ ਰਹੀ ਸਮੱਸਿਆ ਦਾ ਮੌਕੇ ਉੱਤੇ ਹੱਲ ਕਰਵਾਇਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਖੱਜਲ ਖ਼ੁਆਰੀ ਘਟਾਉਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਮਾਲ ਵਿਭਾਗ ਵਿਚ ਜੇਕਰ ਕਿਸੇ ਵੀ ਪੱਧਰ 'ਤੇ ਲੋਕਾਂ ਨੂੰ ਕੰਮ ਕਰਵਾਉਣ ਵਿਚ ਕੋਈ ਦਿੱਕਤ ਆਉਂਦੀ ਹੈ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਸ ਬਾਬਤ ਹੈਲਪਲਾਈਨ ਨੰਬਰ 8184900002 ਜਾਰੀ ਕੀਤਾ ਹੋਇਆ ਹੈ ਜਿਸ 'ਤੇ ਲਿਖਤੀ ਸ਼ਿਕਾਇਤ ਵੱਟਸਐਪ ਕੀਤੀ ਜਾ ਸਕਦੀ ਹੈ। ਐਨ.ਆਰ.ਆਈਜ਼ ਆਪਣੀਆਂ ਲਿਖਤੀ ਸ਼ਿਕਾਇਤਾਂ 9464100168 ਨੰਬਰ 'ਤੇ ਭੇਜ ਸਕਦੇ ਹਨ।

ਜ਼ਿਕਰਯੋਗ ਹੈ ਕਿ ਮਾਲ ਮੰਤਰੀ ਜਲਦ ਹੀ ਤਹਿਸੀਲ ਦਫ਼ਤਰਾਂ ਦਾ ਅਚਾਨਕ ਦੌਰਾ ਕਰ ਕੇ ਕੰਮਕਾਜ ਦੀ ਸਮੀਖਿਆ ਕਰਨਗੇ ਤਾਂ ਜੋ ਲੋਕਾਂ ਨੂੰ ਪ੍ਰਸ਼ਾਸਨਿਕ ਕੰਮ ਕਰਵਾਉਣ ਵਿੱਚ ਕੋਈ ਦਿੱਕਤ ਨਾ ਆਵੇ। ਕੁਝ ਦਿਨ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਹੁਸ਼ਿਆਰਪੁਰ ਤਹਿਸੀਲ ਦਾ ਦੌਰਾ ਕਰਕੇ ਲੋਕਾਂ ਨੂੰ ਪਾਰਦਰਸ਼ੀ ਅਤੇ ਖੱਜਲ ਖ਼ੁਆਰੀ ਰਹਿਤ ਸੇਵਾਵਾਂ ਦੇਣ ਦੀ ਵਚਨਬੱਧਤਾ ਦੋਹਰਾਈ ਸੀ। ਉਨ੍ਹਾਂ ਦੇ ਨਿਰਦੇਸ਼ਾਂ ਉੱਤੇ ਹੀ ਪਹਿਲੇ ਵਿਸ਼ੇਸ਼ ਕੈਂਪ ਦੀ ਸਫਲਤਾ ਤੋਂ ਬਾਅਦ 15 ਜਨਵਰੀ ਨੂੰ ਦੂਜਾ ਕੈਂਪ ਪੰਜਾਬ ਭਰ ਦੀਆਂ ਤਹਿਸੀਲਾਂ ਅਤੇ ਸਬ ਤਹਿਸੀਲਾਂ ਵਿਚ ਲਗਾਇਆ ਗਿਆ ਸੀ।ਜਿੰਪਾ ਨੇ ਅਪੀਲ ਕੀਤੀ ਹੈ ਕਿ ਪੰਜਾਬ 'ਚੋਂ ਭ੍ਰਿਸ਼ਟਾਚਾਰ ਖਤਮ ਕਰਨ ਲਈ ਲੋਕ ਸਰਕਾਰ ਦਾ ਸਾਥ ਦੇਣ ਅਤੇ ਕਿਸੇ ਵੀ ਜਾਇਜ਼ ਕੰਮ ਲਈ ਕਿਸੇ ਵੀ ਅਧਿਕਾਰੀ/ਕਰਮਚਾਰੀ ਨੂੰ ਕੋਈ ਰਿਸ਼ਵਤ ਨਾ ਦਿੱਤੀ ਜਾਵੇ ਅਤੇ ਜੇਕਰ ਮਾਲ ਵਿਭਾਗ ਦਾ ਕੋਈ ਅਧਿਕਾਰੀ/ਕਰਮਚਾਰੀ ਕਿਸੇ ਕੰਮ ਬਦਲੇ ਪੈਸਾ ਮੰਗਦਾ ਹੈ ਤਾਂ ਬੇਝਿਜਕ ਹੋ ਕੇ ਇਸ ਦੀ ਸ਼ਿਕਾਇਤ ਕੀਤੀ ਜਾਵੇ। ਦੋਸ਼ੀ ਨੂੰ ਕਿਸੇ ਵੀ ਹਾਲਤ ਵਿਚ ਬਖਸ਼ਿਆ ਨਹੀਂ ਜਾਵੇਗਾ।ਦੂਜੇ ਵਿਸ਼ੇਸ਼ ਕੈਂਪ ਦੌਰਾਨ ਕਿਸ ਜ਼ਿਲ੍ਹੇ ਚ ਕਿੰਨੇ ਇੰਤਕਾਲ ਦਰਜ ਹੋਏ। ਪ੍ਰਾਪਤ ਹੋਈ ਰਿਪੋਰਟ ਅਨੁਸਾਰ ਸਭ ਤੋਂ ਜ਼ਿਆਦਾ 3528 ਇੰਤਕਾਲ ਲੁਧਿਆਣਾ ਜ਼ਿਲ੍ਹੇ ਵਿੱਚ ਦਰਜ ਕੀਤੇ ਗਏ।

ਇਸੇ ਤਰ੍ਹਾਂ ਅੰਮ੍ਰਿਤਸਰ ਜ਼ਿਲ੍ਹੇ ਵਿੱਚ 508, ਬਰਨਾਲਾ 'ਚ 353, ਬਠਿੰਡਾ 'ਚ 623, ਫ਼ਤਹਿਗੜ੍ਹ ਸਾਹਿਬ 'ਚ 646, ਫਾਜ਼ਿਲਕਾ 'ਚ 733, ਫਰੀਦਕੋਟ 'ਚ 386, ਫਿਰੋਜ਼ਪੁਰ 'ਚ 409, ਗੁਰਦਾਸਪੁਰ 'ਚ 1233, ਹੁਸ਼ਿਆਰਪੁਰ 'ਚ 1456 ਅਤੇ ਜਲੰਧਰ ਜ਼ਿਲ੍ਹੇ 'ਚ 996 ਇੰਤਕਾਲਾਂ ਦਾ ਨਿਪਟਾਰਾ ਕੀਤਾ ਗਿਆ।

ਕਪੂਰਥਲਾ 'ਚ 444, ਮਾਲੇਰਕੋਟਲਾ 'ਚ 197, ਮਾਨਸਾ 'ਚ 636, ਮੋਗਾ 'ਚ 433, ਪਟਿਆਲਾ 'ਚ 934, ਪਠਾਨਕੋਟ 'ਚ 551, ਰੂਪਨਗਰ 'ਚ 856, ਸਾਹਿਬਜ਼ਾਦਾ ਅਜੀਤ ਸਿੰਘ ਨਗਰ 'ਚ 1227, ਸ਼ਹੀਦ ਭਗਤ ਸਿੰਘ ਨਗਰ 'ਚ 501, ਸੰਗਰੂਰ 'ਚ 1458, ਸ੍ਰੀ ਮੁਕਤਸਰ ਸਾਹਿਬ 'ਚ 593 ਅਤੇ ਤਰਨ ਤਾਰਨ 'ਚ 557 ਇੰਤਕਾਲ ਦਰਜ ਕੀਤੇ ਗਏ ਹਨ।

# ਐਡਵੋਕੇਟ ਕਿਰਪਾਲ ਪਾਲੀ ਈ ਵੀ ਐੱਮ ਦੇ ਵਿਰੋਧ 'ਚ ਭਲਕੇ ਕਰਨਗੇ ਪ੍ਰਦਰਸ਼ਨ



**ਅੱਪਰਾ (ਨਿਰਮਲ ਗੁੜਾ)**- ਭਾਰਤ ਵਿੱਚ ਈ ਵੀ ਐਮ ਨਾਲ ਹੋ ਰਹੀਆਂ ਚੋਣਾਂ ਨੂੰ ਲੈ ਦਿੱਲੀ ਅੰਦਰ ਸੁਪਰੀਮ ਕੋਰਟ ਦੇ ਵਕੀਲਾਂ ਵਲੋਂ ਈ ਵੀ ਐਮ ਦੇ ਵਿਰੋਧ ਵਿੱਚ ਸੰਘਰਸ਼ ਕੀਤਾ ਜਾ ਰਿਹਾ ਹੈ। ਇਸੇ ਸੰਘਰਸ਼ ਦੇ ਹੱਕ ਵਿੱਚ ਫਿਲੌਰ ਦੇ ਕੋਰਟ ਕੰਪਲੈਕਸ ਦੇ ਬਾਹਰ 18 ਜਨਵਰੀ ਦਿਨ ਵੀਰਵਾਰ ਨੂੰ ਐਡਵੋਕੇਟ ਕਿਰਪਾਲ ਸਿੰਘ ਪਾਲੀ ਸਾਬਕਾ ਸਕੱਤਰ ਬਾਰ ਐਸੋਸੀਏਸ਼ਨ ਫਿਲੌਰ ਵਲੋਂ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਜਾਣਕਾਰੀ ਦਿੰਦਿਆਂ ਐਡਵੋਕੇਟ ਕਿਰਪਾਲ ਸਿੰਘ ਪਾਲੀ ਨੇ ਕਿਹਾ ਕਿ ਜੋ ਦਿੱਲੀ ਅੰਦਰ ਵਕੀਲਾਂ ਵਲੋਂ ਈ ਵੀ ਐਮ ਦਾ ਵਿਰੋਧ ਕੀਤਾ ਜਾ ਰਿਹਾ ਹੈ ਅਸੀਂ ਉਹਨਾਂ ਦੇ ਹੱਕ ਵਿੱਚ ਖੜੇ ਹਾਂ। ਈ ਵੀ ਐਮ ਨਾਲ ਹੋ ਰਹੀਆਂ ਵੋਟਾਂ ਤੇ ਕੀ ਭਰੋਸਾ ਕੀਤਾ ਜਾ ਸਕਦਾ ਹੈ? ਜਦਕਿ ਵੋਟਰ ਵਲੋਂ ਬੈਲੇਟ ਪੇਪਰ ਉਪਰ ਆਪਣੇ ਹੱਥ ਨਾਲ ਲਗਾਈ ਮੋਹਰ ਤੇ ਵੋਟਰ ਨੂੰ ਤਸੱਲੀ ਹੁੰਦੀ ਹੈ ਕਿ ਜਿਸ ਉਮੀਦਵਾਰ ਨੂੰ ਉਸ ਨੇ ਉਮੀਦਵਾਰ ਦਾ ਚੋਣ ਨਿਸ਼ਾਨ ਵੇਖ ਕੇ ਮੋਹਰ ਲਗਾਈ ਹੈ ਉਸ ਨੂੰ ਹੀ ਵੋਟ ਗਈ ਹੈ। ਮਸ਼ੀਨ ਦਾ ਬਟਨ ਦਬਾਉਣ ਨਾਲ ਵੋਟਰ ਦੀ ਤਸੱਲੀ ਨਹੀ ਹੁੰਦੀ। ਵਕੀਲ ਨੇ ਅੱਗੇ ਕਿਹਾ ਕਿ ਦੇਸ਼ ਦੇ ਲੋਕਾਂ ਦਾ ਵੀ ਕਹਿਣਾ ਹੈ ਕਿ ਇਲੈਕਟ੍ਰਾਨਿਕ ਚੀਜਾਂ ਵਿੱਚ ਹਰ ਤਰਾਂ ਦੀ ਸੈਟਿੰਗ ਕੀਤੀ ਜਾ ਸਕਦੀ ਹੈ, ਜੇਕਰ ਹੈਕਰਾਂ ਵਲੋਂ ਲੋਕਾਂ ਦੇ ਖਾਤਿਆਂ 'ਚੋਂ ਪੈਸੇ ਕੱਢੇ ਜਾ ਸਕਦੇ ਹਨ ਤਾਂ ਈ ਵੀ ਐਮ ਮਸ਼ੀਨਾਂ ਨਾਲ ਕੀ ਕੀ ਹੁੰਦਾ ਹੋਵੇਗਾ। ਉਹਨਾਂ ਅਗੇ ਕਿਹਾ ਲੋਕਾਂ ਦੇ ਹੱਥਾਂ ਵਿੱਚ ਮੋਬਾਇਲ ਆਉਣ ਨਾਲ ਲੋਕ ਬਹੁਤ ਜਾਗਰੂਕ ਹੋ ਚੁੱਕੇ ਹਨ, ਹੁਣ ਲੋਕਾਂ ਦਾ ਭਰੋਸਾ ਜਿੱਤਣਾ ਕੋਈ ਸੌਖਾ ਕੰਮ ਨਹੀਂ ਹੈ, ਇਸ ਲਈ ਲੋਕਾਂ ਦੇ ਸੰਵਿਧਾਨਕ ਹੱਕ ਵੋਟ ਨੂੰ ਪਾਰਦਰਸ਼ੀ ਰੱਖਣਾ ਬਹੁਤ ਜਰੂਰੀ ਹੈ। ਦੇਸ਼ ਦੇ ਚੋਣ ਕਮਿਸ਼ਨ ਨੂੰ ਲੋਕਾਂ ਦੀ ਗਲ ਮੰਨ ਕੇ ਈ ਵੀ ਐਮ ਬੰਦ ਕਰ ਕੇ ਬੈਲੇਟ ਪੇਪਰ ਰਾਹੀਂ ਚੋਣਾਂ ਕਰਵਾਉਣੀਆਂ ਚਾਹੀਦੀਆਂ ਹਨ ਤਾਂ ਕਿ ਲੋਕਤੰਤਰ ਅਤੇ ਸੰਵਿਧਾਨਕ ਹੱਕਾਂ ਦਾ ਲੋਕ ਨਿੱਘ ਮਾਣ ਸਕਣ।

ਦੇਸ਼ ਦੇ ਹਰ ਨਾਗਰਿਕ ਦੀ ਤਸੱਲੀ ਅਤੇ ਬਾਰਬਰਤਾ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਣਾ ਹੀ ਤਾਂ ਲੋਕਤੰਤਰ ਦਾ ਮੂਲ ਫਰਜ ਹੈ।

# ਬੰਗਲਾਦੇਸ਼ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ 14 ਮੈਂਬਰੀ ਜਥਾ ਅੱਜ ਹੋਵੇਗਾ ਰਵਾਨਾ

**ਮੋਹਾਲੀ ( ਗੁਰਜੀਤ ਬਿੱਲਾ )** ਇਥੋਂ ਜੱਥੇਦਾਰ ਨਿਸ਼ਾਨ ਸਿੰਘ ਦੀ ਅਗਵਾਈ ਵਿੱਚ ਬੰਗਲਾਦੇਸ਼ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭਲਕੇ ਚੰਡੀਗੜ ਤੋਂ ਰਵਾਨਾ ਹੋਵਾਗਾ। ਨਿਸ਼ਾਨ ਸਿੰਘ ਨੇ ਦੱਸਿਆ ਕਿ ਜੱਥੇ ਵਿੱਚ 9 ਪੁਰਸ਼ ਅਤੇ 5 ਬੀਬੀਆਂ ਸ਼ਾਮਿਲ ਹਨ। ਇਹ ਜੱਥਾ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਉਣ ਵਾਸਤੇ 17 ਜਨਵਰੀ ਨੂੰ ਬੰਗਲਾਦੇਸ਼ ਜਾ ਰਿਹਾ ਹੈ ਜਿੱਥੇ ਉਹ ਬੰਗਲਾਦੇਸ਼ ਵਿੱਚ ਸਥਿਤ ਇਤਿਹਾਸਕ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਨ ਉਪਰੰਤ 23 ਜਨਵਰੀ ਨੂੰ ਵਾਪਿਸ ਭਾਰਤ ਪਰਤੇਗਾ। 17 ਜਨਵਰੀ ਨੂੰ ਜਥਾ ਗੁਰਦੁਆਰਾ ਨਾਨਕਸ਼ਾਹੀ ਢਾਕਾ ਵਿਖੇ ਪਹੁੰਚੇਗਾ । 18 ਜਨਵਰੀ ਨੂੰ ਗੁਰਦੁਆਰਾ ਸੰਗਤਟੋਲਾ ਸਾਹਿਬ ਢਾਕਾ ਦੇ ਦਰਸ਼ਨ ਕੀਤੇ ਜਾਣਗੇ। 19 ਜਨਵਰੀ ਨੂੰ ਗੁਰਦੁਆਰਾ ਨਾਨਕਸ਼ਾਹੀ ਢਾਕਾ ਵਿਖੇ ਦਸਵੇਂ ਪਾਤਿਸ਼ਾਹ ਜੀ ਦਾ ਪ੍ਰਕਾਸ਼ ਗੁਰਪੁਰਬ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾਵੇਗਾ। 20 ਜਨਵਰੀ ਨੂੰ ਗੁਰਦੁਆਰਾ ਮੈਮਨ ਸਿੰਘ ਦੇ ਦਰਸ਼ਨ ਕਰਨ ਉਪਰੰਤ ਰਾਤ ਦੇ ਠਹਿਰਾਓ ਨਾਨਕਸ਼ਾਹੀ ਢਾਕਾ ਵਿਖੇ ਕੀਤਾ ਜਾਵੇਗਾ। 21 ਜਨਵਰੀ ਨੂੰ ਜਥਾ ਗੁਰਦੁਆਰਾ ਪਹਿਲੀ ਪਾਤਿਸ਼ਾਹੀ ਚਿੱਟਾਗਾਂਗ ਦੇ ਦਰਸ਼ਨ ਕਰਨ ਲਈ ਰਵਾਨਾ ਹੋਵੇਗਾ ਅਤੇ 22 ਜਨਵਰੀ ਨੂੰ ਵਾਪਿਸ ਨਾਨਕਸ਼ਾਹੀ ਢਾਕਾ ਪਰਤੇਗਾ। ਬੰਗਲਾਦੇਸ਼ ਦੇ ਸਮੂਹ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਨ ਉਪਰੰਤ 23 ਜਨਵਰੀ ਨੂੰ ਜਥਾ ਵਾਪਿਸ ਭਾਰਤ ਪਰਤੇਗਾ। ਜਿਕਰਯੋਗ ਹੈ ਕਿ ਜੱਥੇਦਾਰ ਨਿਸਾਨ ਸਿੰਘ ਪਿਛਲੇ ਕਈ ਸਾਲਾਂ ਤੋ.ਪੰਜਾਬ ਸਕੂਲ ਸਿੱਖਿਆ ਬੋਰਡ ਦੇ ਕਰਮਚਾਰੀਆਂ ਦੇ ਮੁਲਜਾਮਾਂ ਨੂੰ ਭਾਰਤ ਸਥਿਤ ਇਤਹਾਸਿਕ ਗੁਰਦੁਆਰਾ ਸਾਹਿਬ , ਬੰਗਲਾਦੇਸ਼ ਅਤੇ ਪਾਕਿਸਤਾਨ ਸਥਿਤ ਸਮੂਹ ਗੁਰਧਾਮਾਂ ਦੇ ਦਰਸ਼ਨ ਲਈ ਕਈ ਵਾਰ ਸੰਗਤਾਂ ਦੇ ਜੱਥੇ ਲੈ ਕੇ ਗਏ ਹਨ।

# ਮੇਅਰ ਦੀ ਚੋਣ 'ਚ ਭਾਜਪਾ ਨੂੰ ਹਰਾਉਣ ਲਈ ਆਪ ਤੇ ਕਾਂਗਰਸੀ ਹੋਏ ਇਕ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਚੰਡੀਗੜ੍ਹ ਦੇ ਮੇਅਰ ਚੋਣਾਂ ਨੇ ਸੋਮਵਾਰ ਨੂੰ ਉਸ ਵੇਲੇ ਦਿਲਚਸਪ ਮੋੜ ਲਿਆ ਜਦੋਂ ਆਪ ਅਤੇ ਕਾਂਗਰਸ ਨੇ ਇਕੱਠੇ ਹੋ ਕੇ ਮੇਅਰ ਦੀ ਦੌੜ 'ਚ ਭਾਜਪਾ ਦਾ ਸਾਹਮਣਾ ਕਰਨ ਲਈ ਆਪਣੇ ਸਾਂਝੇ ਉਮੀਦਵਾਰ ਦਾ ਐਲਾਨ ਕੀਤਾ। ਚੰਡੀਗੜ੍ਹ ਮੇਅਰ ਦੀ ਚੋਣ ਵਿਚ ਭਾਰਤੀ ਜਨਤਾ ਪਾਰਟੀ ਨੂੰ ਹਰਾਉਣ ਲਈ ਆਮ ਆਦਮੀ ਪਾਰਟੀ ਅਤੇ ਕਾਂਗਰਸ ਦਾ ਇਹ ਗਠਜੋੜ ਪੰਜਾਬ, ਚੰਡੀਗੜ੍ਹ ਅਤੇ ਹਰਿਆਣਾ ਦੀਆਂ ਆਮ ਚੋਣਾਂ ਇਕੱਠੇ ਲੜਨ ਦਾ ਰਾਹ ਵੀ ਪੱਧਰਾ ਕਰੇਗਾ।ਆਪ ਨੇ ਮੇਅਰ ਦੇ ਅਹੁਦੇ ਲਈ ਆਪਣਾ ਉਮੀਦਵਾਰ ਖੜ੍ਹਾ ਕੀਤਾ ਹੈ ਜਦਕਿ ਕਾਂਗਰਸ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੇ ਅਹੁਦੇ ਲਈ ਚੋਣ ਲੜੇਗੀ। ਆਪ ਅਤੇ ਕਾਂਗਰਸ ਕੋਲ ਹੁਣ 20 ਕੌਂਸਲਰ ਹਨ (ਆਪ ਦੇ 13 ਕੌਂਸਲਰ ਅਤੇ ਕਾਂਗਰਸ ਦੇ 7 ਕੌਂਸਲਰ) ਅਤੇ ਸਪੱਸ਼ਟ ਤੌਰ 'ਤੇ ਤਿੰਨੋਂ ਅਹੁਦਿਆਂ ਲਈ ਦੋਵੇਂ ਪਾਰਟੀਆਂ ਜਿੱਤ ਦੀ ਸਥਿਤੀ ਵਿੱਚ ਹਨ।ਕਾਂਗਰਸ ਦੇ ਮੇਅਰ ਉਮੀਦਵਾਰ ਜਸਬੀਰ ਸਿੰਘ ਬੰਟੀ ਅਤੇ 'ਆਪ' ਦੇ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦੀ ਉਮੀਦਵਾਰ ਨੇਹਾ ਤੇ ਪੂਨਮ ਨੇ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈ ਲਏ ਹਨ। ਹੁਣ ਆਪ ਉਮੀਦਵਾਰ ਕੁਲਦੀਪ ਕੁਮਾਰ ਟੀਟਾ ਮੇਅਰ ਅਹੁਦੇ ਲਈ ਭਾਜਪਾ ਉਮੀਦਵਾਰ ਨੂੰ ਚੁਣੌਤੀ ਦੇਣਗੇ ਅਤੇ ਸੀਨੀਅਰ ਡਿਪਟੀ ਮੇਅਰ ਅਹੁਦੇ ਲਈ ਕਾਂਗਰਸ ਦੇ ਗੁਰਪ੍ਰੀਤ ਗੱਬੀ ਅਤੇ ਡਿਪਟੀ ਮੇਅਰ ਲਈ ਕਾਂਗਰਸ ਦੀ ਨਿਰਮਲਾ ਦੇਵੀ ਚੋਣ ਲੜਨਗੇ।ਆਪ-ਕਾਂਗਰਸ ਗਠਜੋੜ ਬਾਰੇ ਜਾਣਕਾਰੀ ਦਿੰਦਿਆਂ ਆਪ ਚੰਡੀਗੜ੍ਹ ਦੇ ਇੰਚਾਰਜ ਜਰਨੈਲ ਸਿੰਘ ਨੇ ਕਿਹਾ ਕਿ ਅਸੀਂ ਮਿਲ ਕੇ ਇਹ ਚੋਣ ਆਸਾਨੀ ਨਾਲ ਜਿੱਤ ਲਵਾਂਗੇ ਅਤੇ ਚੰਡੀਗੜ੍ਹ 'ਚ ਭਾਜਪਾ ਤੋਂ ਇਲਾਵਾ ਕੋਈ ਹੋਰ ਮੇਅਰ ਹੋਵੇਗਾ। ਉਨ੍ਹਾਂ ਕਿਹਾ ਕਿ ਸਾਡੇ ਕੋਲ ਸ਼ੁਰੂ ਤੋਂ ਹੀ ਜ਼ਿਆਦਾ ਕੌਂਸਲਰ ਹਨ ਪਰ ਭਾਜਪਾ ਨੇ ਜ਼ਬਰਦਸਤੀ ਅਤੇ ਗੈਰ-ਸੰਵਿਧਾਨਕ ਢੰਗ ਨਾਲ ਦੋ ਵਾਰ ਆਪਣਾ ਮੇਅਰ ਬਣਾਇਆ ਪਰ ਇਸ ਵਾਰ ਉਹ ਕਾਮਯਾਬ ਨਹੀਂ ਹੋਏ। ਜਰਨੈਲ ਸਿੰਘ ਨੇ ਕਿਹਾ ਕਿ ਚੰਡੀਗੜ੍ਹ ਇੱਕ ਮਿਸਾਲ ਕਾਇਮ ਕਰੇਗਾ ਕਿ ਅਸੀਂ ਮਿਲ ਕੇ ਭਾਜਪਾ ਨੂੰ ਹਰਾ ਸਕਦੇ ਹਾਂ।

'ਆਪ' ਆਗੂ ਨੇ ਕਿਹਾ ਕਿ ਭਾਜਪਾ ਦੀ ਤਾਨਾਸ਼ਾਹੀ ਨੂੰ ਖਤਮ ਕਰਨ ਲਈ 'ਆਪ' ਅਤੇ ਕਾਂਗਰਸ ਨੇ ਮਿਲ ਕੇ ਇਹ ਚੋਣ ਲੜਨ ਦਾ ਫੈਸਲਾ ਕੀਤਾ ਹੈ। ਭਾਜਪਾ ਨੇ ਚੰਡੀਗੜ੍ਹ ਅਤੇ ਇੱਥੋਂ ਦੇ ਲੋਕਾਂ ਦੀ ਭਲਾਈ ਲਈ ਕੁਝ ਨਹੀਂ ਕੀਤਾ ਪਰ ਹੁਣ ਬਦਲਾਅ ਆਵੇਗਾ। ਆਪ ਦੇ ਮੇਅਰ ਨਾਲ ਚੰਡੀਗੜ੍ਹ ਦੇ ਲੋਕ ਵਿਕਾਸ ਅਤੇ ਲੋਕ ਭਲਾਈ ਦੇ ਕੰਮਾਂ ਦੀਆਂ ਨਵੀਆਂ ਉਚਾਈਆਂ ਨੂੰ ਦੇਖਣਗੇ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਮਿਸਾਲ ਕਾਇਮ ਕਰੇਗਾ ਅਤੇ ਜਲਦੀ ਹੀ ਪੂਰਾ ਦੇਸ਼ ਸਾਡੇ ਦੇਸ਼ ਵਿਚ ਤਾਨਾਸ਼ਾਹੀ ਤਾਕਤਾਂ ਨੂੰ ਮਾਤ ਦੇਣ ਲਈ ਇੱਕ ਹੋਵੇਗਾ।

## ਜ਼ਿਲ੍ਹਾ ਪ੍ਰਸ਼ਾਸਨ ਤੇ ਐਨ.ਡੀ.ਆਰ.ਐਫ ਵੱਲੋਂ ਆਫ਼ਤ ਪ੍ਰਬੰਧਨ ਸਬੰਧੀ ਵਿਚਾਰ ਵਟਾਂਦਰਾ

**ਐੱਸ.ਏ.ਐੱਸ. ਨਗਰ, (ਗੁਰਜੀਤ ਬਿੱਲਾ)**-ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਆਫ਼ਤ ਪ੍ਰਬੰਧਨ (ਕੈਮੀਕਲ ਐਮਰਜੈਂਸੀ) ਦੇ ਸੰਦਰਭ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਸ਼੍ਰੀ ਅਮਨਦੀਪ ਚਾਵਲਾ, ਡੀ.ਆਰ.ਓ. ਨੇ ਕੀਤੀ। ਇਸ ਵਿੱਚ ਮੁੱਖ ਤੌਰ 'ਤੇ ਨੈਸ਼ਨਲ ਡਿਜ਼ਾਸਟਰ ਰਿਸਪੌਂਸ ਫੋਰਸ ਬਠਿੰਡਾ ਦੀ 7ਵੀਂ ਕੋਰ ਦੀ ਟੀਮ ਨੇ ਭਾਗ ਲਿਆ।ਜ਼ਿਲ੍ਹਾ ਮਾਲ ਅਫਸਰ ਨੇ ਦੱਸਿਆ ਕਿ ਇਸ ਟੀਮ ਦੇ ਇੰਚਾਰਜ ਇੰਸਪੈਕਟਰ/ਜੀ.ਡੀ. ਬਲਜੀਤ ਸਿੰਘ ਨੇ ਇੱਕ ਪੇਸ਼ਕਾਰੀ ਰਾਹੀਂ ਸਾਰਿਆਂ ਨੂੰ ਆਫ਼ਤ ਸਮੇਂ ਦਰਪੇਸ਼ ਸਮੱਸਿਆਵਾਂ ਅਤੇ ਮੁਸ਼ਕਿਲਾਂ ਬਾਰੇ ਜਾਣੂ ਕਰਵਾਇਆ ਅਤੇ ਉਨ੍ਹਾਂ ਨਾਲ ਨਜਿੱਠਣ ਲਈ ਪਹਿਲਾਂ ਤੋਂ ਕੀ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ, ਉਸ ਬਾਰੇ ਵਿਸਤਾਰ 'ਚ ਦੱਸਿਆ।ਇਸ ਵਿਚਾਰ ਵਟਾਂਦਰੇ ਵਿੱਚ ਜ਼ਿਲ੍ਹਾ ਹੈੱਡਕੁਆਰਟਰ ਦੇ ਵੱਖ-ਵੱਖ ਦਫ਼ਤਰਾਂ ਦੇ ਅਧਿਕਾਰੀਆਂ ਨੇ ਭਾਗ ਲਿਆ, ਜੋ ਕਿਸੇ ਵੀ ਆਫ਼ਤ ਸਮੇਂ ਵੱਖ-ਵੱਖ ਆਫ਼ਤ ਪ੍ਰਬੰਧਨ ਗਤੀਵਿਧੀਆਂ ਦਾ ਹਿੱਸਾ ਹੁੰਦੇ ਹਨ, ਜਿਵੇਂ ਕਿ ਪੁਲਸ ਵਿਭਾਗ, ਸਿੱਖਿਆ ਵਿਭਾਗ, ਉਦਯੋਗ, ਰੈੱਡ ਕਰਾਸ, ਲੋਕ ਨਿਰਮਾਣ ਵਿਭਾਗ, ਫਾਇਰ ਵਿਭਾਗ, ਜੰਗਲਾਤ ਵਿਭਾਗ ਆਦਿ। ਉਨ੍ਹਾਂ ਦੱਸਿਆ ਕਿ ਟੇਬਲ -ਟਾਪ ਅਭਿਆਸ ਤੋਂ ਬਾਅਦ ਅਗਲੀ ਪ੍ਰਕਿਰਿਆ ਫੀਲਡ 'ਚ ਜਾ ਕੇ ਅਭਿਆਸ ਕਰਨ ਦੀ ਹੋਵੇਗੀ ਜੋ ਕਿ 18 ਜਨਵਰੀ 2024 ਨੂੰ ਨੈਕਟਰ ਲਾਈਫ ਸਾਇੰਸਜ਼ ਲਿਮਟਿਡ, ਡੇਰਾਬੱਸੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਆਯੋਜਿਤ ਕੀਤੀ ਜਾਵੇਗੀ।

# ਦੁਨੀਆ ਦੀਆਂ ਸਭ ਤੋਂ ਸ਼ਕਤੀਸ਼ਾਲੀ ਫੌਜਾਂ 'ਚੋਂ ਇਕ ਹੈ ਭਾਰਤੀ ਫੌਜ : ਸੰਜੀਵ ਅਰੋੜਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ )**-ਥਲ ਸੈਨਾ ਦਿਵਸ ਦੇ ਮੌਕੇ 'ਤੇ ਭਾਰਤ ਵਿਕਾਸ ਪ੍ਰੀਸ਼ਦ ਨੇ ਯੁੱਧ ਸਮਾਰਕ 'ਤੇ ਜਾ ਕੇ ਦੇਸ਼ ਦੇ ਮਹਾਨ ਸਪੂਤਾਂ ਨੂੰ ਸ਼ਰਧਾਂਜਲੀ ਦਿੱਤੀ। ਪ੍ਰਧਾਨ ਰਜਿੰਦਰ ਮੌਦਗਿਲ ਦੀ ਅਗਵਾਈ ਹੇਠ ਆਯੋਜਿਤ ਸ਼ਰਧਾਂਜਲੀ ਸਮਾਰੋਹ ਵਿੱਚ ਸੂਬਾਈ ਕਨਵੀਨਰ ਅਤੇ ਉੱਘੇ ਸਮਾਜ ਸੇਵੀ ਸੰਜੀਵ ਅਰੋੜਾ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਸ਼ਰਧਾਂਜਲੀ ਭੇਟ ਕੀਤੀ।ਅਰੋੜਾ ਨੇ ਕਿਹਾ ਕਿ ਹਰ ਸਾਲ 15 ਜਨਵਰੀ ਦਾ ਦਿਨ ਥਲ ਸੈਨਾ ਦਿਵਸ ਵਜੋਂ ਮਨਾਇਆ ਜਾਂਦਾ ਹੈ। 1949 ਵਿੱਚ, ਫੌਜ ਦੇ ਪਹਿਲੇ ਮਾਰਸ਼ਲ ਕੇ.ਐਮ. ਕਰਿਅੱਪਾ ਨੇ ਆਖਰੀ ਬ੍ਰਿਟਿਸ਼ ਜਨਰਲ ਫਰਾਂਸਿਸ ਬੁਚਰ ਤੋਂ ਕਮਾਂਡਰ-ਇਨ-ਚੀਫ ਦਾ ਅਹੁਦਾ ਸੰਭਾਲਿਆ ਸੀ ਅਤੇ ਉਹ ਸੁਤੰਤਰ ਭਾਰਤ ਦੇ ਪਹਿਲੇ ਸੈਨਾ ਮੁਖੀ ਸਨ। ਉਸ ਦਿਨ ਤੋਂ ਇਸ ਦਿਨ ਨੂੰ ਥਲ ਸੈਨਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਸਾਡੀ ਫੌਜ ਦੇ ਬਹਾਦਰ ਸੈਨਿਕਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਕੇ ਸਾਨੂੰ ਬਚਾਇਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਫੌਜ 'ਤੇ ਮਾਣ ਹੈ ਅਤੇ ਸਾਡੇ ਸ਼ਹੀਦ ਰਹਿੰਦੀ ਦੁਨੀਆ ਤੱਕ ਸਾਡੇ ਨੌਜਵਾਨਾਂ ਦੀ ਪ੍ਰੇਰਣਾ ਬਣੇ ਰਹਿਣਗੇ ਅਤੇ ਉਨ੍ਹਾਂ ਦੀ ਪ੍ਰੇਰਣਾ ਸਦਕਾ ਹੀ ਅੱਜ ਦੇ ਨੌਜਵਾਨ ਭਾਰਤੀ ਫੌਜ 'ਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨ ਲਈ ਤਿਆਰ ਰਹਿੰਦੇ ਹਨ। ਰਜਿੰਦਰ ਮੌਦਗਿਲ ਨੇ ਕਿਹਾ ਕਿ ਭਾਰਤੀ ਫੌਜ ਦੁਨੀਆ ਦੀਆਂ ਸਭ ਤੋਂ ਸ਼ਕਤੀਸ਼ਾਲੀ ਫੌਜਾਂ ਵਿਚੋਂ ਇਕ ਹੈ ਅਤੇ ਸਾਡੇ ਬਹਾਦਰ ਸੈਨਿਕ ਮੁਸ਼ਕਲ ਹਾਲਾਤਾਂ ਦਾ ਸਾਹਮਣਾ ਕਰਦੇ ਹੋਏ ਦੇਸ਼ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਕਿਹਾ ਅਸੀਂ ਉਨ੍ਹਾਂ ਦਾ ਕਰਜ਼ਾ ਕਦੇ ਨਹੀਂ ਉਤਾਰ ਸਕਦੇ। ਹੁਸ਼ਿਆਰਪੁਰ ਦੇ ਸਾਡੇ ਸੈਂਕੜੇ ਜਵਾਨ ਦੇਸ਼ ਦੀ ਸੇਵਾ ਵਿੱਚ ਸ਼ਹਾਦਤ ਦਾ ਜਾਮ ਪੀ ਚੁੱਕੇ ਹਨ ਅਤੇ ਅੱਜ ਵੀ ਹਜ਼ਾਰਾਂ ਸੈਨਿਕ ਦੇਸ਼ ਦੀ ਸੇਵਾ ਵਿੱਚ ਆਪਣਾ ਫਰਜ਼ ਨਿਭਾਅ ਰਹੇ ਹਨ। ਇਸ ਮੌਕੇ ਸ਼ਾਖਾ ਬੱਗਾ, ਵਿਜੇ ਅਰੋੜਾ, ਨਵੀਨ ਕੋਹਲੀ, ਕੁਲਵਿੰਦਰ ਸਿੰਘ ਸਚਦੇਵਾ, ਤਰਸੇਮ ਮੋਦੀਗਲ, ਅਮਿਤ ਸ਼ਰਮਾ, ਜਗਦੀਸ਼ ਅਗਰਵਾਲ, ਨਿਤਿਨ ਗੁਪਤਾ, ਕੁਲਵੰਤ ਸਿੰਘ ਪਸਰੀਚਾ, ਦੀਪਕ ਮਹਿੰਦੀਰੱਤਾ, ਰਵਿੰਦਰ ਭਾਟੀਆ ਅਤੇ ਹੋਰ ਪਤਵੰਤਿਆਂ ਨੇ ਸੈਨਿਕਾਂ ਦੇ ਸਨਮਾਨ ਵਿੱਚ ਸਲੂਟ ਕੀਤਾ ਅਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# ਰਿਆਤ ਬਾਹਰਾ ਮੈਨੇਜਮੈਂਟ ਕਾਲਜ 'ਚ ਅਲੂਮਨੀ ਮੀਟ 'ਹੋਮ ਕਮਿੰਗ -2024' ਕਰਵਾਈ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਰਿਆਤ ਬਾਹਰਾ ਮੈਨੇਜਮੈਂਟ ਕਾਲਜ 'ਚ ਅਲੂਮਨੀ ਮੀਟ "ਹੋਮ ਕਮਿੰਗ 2024" ਦਾ ਆਯੋਜਨ ਕੀਤਾ। ਜਿਸ ਦੀ ਪ੍ਰਧਾਨਗੀ ਕਾਲਜ ਪ੍ਰਿੰਸੀਪਲ ਡਾ . ਹਰਿੰਦਰ ਗਿੱਲ ਨੇ ਕੀਤੀ ਤੇ ਦੱਸਿਆ ਕਿ ਅਲੂਮਨੀ ਐਸੋਸੀਏਸ਼ਨ ਕਾਲਜ ਦੀ ਜ਼ਿੰਦਗੀ ਅਤੇ ਕੈਰੀਅਰ ਦੀ ਜ਼ਿੰਦਗੀ ਦੇ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਬਣਾਈ ਗਈ ਹੈ। ਸਾਬਕਾ ਵਿਦਿਆਰਥੀਆਂ ਨਾਲ ਮੇਲਜੋਲ ਬਣਾਉਣਾ ਕਈ ਸੰਭਾਵਨਾਵਾਂ ਦੇ ਦਰਵਾਜੇ ਖੋਲ੍ਹ ਸਕਦਾ ਹੈ। ਕੈਂਪਸ ਡਾਇਰੈਕਟਰ ਡਾ . ਚੰਦਰ ਮੋਹਨ ਨੇ ਇੱਕ ਪ੍ਰੇਰਨਾਦਾਇਕ ਭਾਸ਼ਣ ਦਿੱਤਾ ਅਤੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੀ ਮਹੱਤਤਾ 'ਤੇ ਜੋਰ ਦਿੱਤਾ। ਉਨ੍ਹਾਂ ਕਿਹਾ ਕਿ ਸਾਨੂੰ ਬਹੁਤ ਮਾਣ ਮਹਿਸੂਸ ਹੁੰਦਾ ਹੈ ਕਿ ਸਾਡੇ ਵਿਦਿਆਰਥੀ ਅਹਿਮਦਾਬਾਦ, ਨੋਇਡਾ, ਪੁਣੇ ਆਦਿ ਵਿਖੇ ਨਾਮਵਰ ਸੰਸਥਾਵਾਂ ਨਾਲ ਕੰਮ ਕਰ ਰਹੇ ਹਨ। ਇਸ ਦੌਰਾਨ ਸਾਬਕਾ ਵਿਦਿਆਰਥੀਆਂ ਨੇ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਆਪਣੇ ਕੰਮਕਾਜੀ ਜੀਵਨ ਬਾਰੇ ਜਾਣਕਾਰੀ ਦਿੱਤੀ।

ਇਸ ਵਿੱਚ 60 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਸਾਬਕਾ ਵਿਦਿਆਰਥੀਆਂ ਨੇ ਅਧਿਆਪਕਾਂ ਨਾਲ ਆਪਣੇ ਵੱਖ-ਵੱਖ ਤਜਰਬਿਆਂ ਨੂੰ ਸਾਂਝਾ ਕੀਤਾ ਅਤੇ ਵਿਕਾਸ ਵਿੱਚ ਯੋਗਦਾਨ ਪਾਉਣ ਦਾ ਪ੍ਰਣ ਲਿਆ। ਇਸ ਮੌਕੇ ਸੰਸਥਾ ਦੇ ਵਿਕਾਸ. ਅਲੂਮਨੀ ਮੀਟ ਦੌਰਾਨ ਵੱਖ-ਵੱਖ ਖੇਤਰਾਂ ਵਿੱਚ ਸਾਬਕਾ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਬਾਰੇ ਜਾਣਕਰੀ ਦਿੱਤੀ ਗਈ। ਸਾਬਕਾ ਵਿਦਿਆਰਥੀਆਂ ਨੂੰ ਸਮ੍ਰਿਤੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਡਾ . ਆਰ ਐਨ ਸਿੰਘ , ਡਾ . ਵੀਕੇ ਧੀਰ ,ਡਾ . ਮੀਨਾਕਸ਼ੀ , ਡਾ. ਹਰਦੀਪ ਸਿੰਘ ਦੇ ਇਲਾਵਾ ਕਾਲਜ ਦੇ ਸਾਰੇ ਵਿਭਾਗਾਂ ਦੇ ਮੁਖੀ ਮੌਜੂਦ ਸਨ।

# ਪੰਜ ਰੋਜ਼ਾ ਵਰਕਸ਼ਾਪ ਲਗਾਈ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸਰਕਾਰੀ ਕਾਲਜ ਹੁਸ਼ਿਆਰਪੁਰ ਦੀ ਪ੍ਰਿੰਸੀਪਲ ਸ਼੍ਰੀਮਤੀ ਅਨੀਤਾ ਸਾਗਰ ਦੀ ਯੋਗ ਅਗਵਾਈ ਹੇਠ ਕਾਲਜ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਡਾਕਟਰ ਜਸਵੀਰਾ ਅਨੂਪ ਮਿਨਹਾਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਾਇਰ ਐਜੂਕੇਸ਼ਨ ਦੀ ਸਕੀਮ ਐਚ ਈ-42 ਕੈਰੀਅਰ ਕੌਂਸਲਿੰਗ ਦੇ ਅਧੀਨ ਇੱਕ ਪੰਜ ਰੋਜ਼ਾ ਵਰਕਸ਼ਾਪ 11 ਜਨਵਰੀ ਤੋਂ 16 ਜਨਵਰੀ 2024 ਤੱਕ ਇਮਪਲੋਏਬਿਲਟੀ ਸਕਿਲ ਦੇ ਉੱਪਰ ਅੰਡਰ ਗਰੈਜੂਏਟ ਵਿਦਿਆਰਥੀਆਂ ਲਈ ਲਗਾਈ ਗਈ। ਇਹ ਵਰਕਸ਼ਾਪ ਸ੍ਰੀਮਤੀ ਅੰਜੂ ਜੈਨ ਅਤੇ ਮਾਨ ਸਤਪਾਲ ਕਲਸੀ ਵੱਲੋਂ ਬਤੌਰ ਰਿਸੋਰਸ ਪਰਸਨ ਲਗਾਈ ਗਈ। ਵਿਦਿਆਰਥੀਆਂ ਨੂੰ ਇਸ ਵਰਕਸ਼ਾਪ ਅਧੀਨ ਕਾਫੀ ਕੁਝ ਸਿੱਖਣ ਦਾ ਮੌਕਾ ਮਿਲਿਆ। ਜੋ ਕਿ ਉਹਨਾਂ ਦੇ ਭਵਿੱਖ ਲਈ ਬਹੁਤ ਲਾਹੇਵੰਦ ਸਾਬਤ ਹੋਵੇਗਾ। ਇਸ ਵਰਕਸ਼ਾਪ ਦੌਰਾਨ ਅੰਗਰੇਜੀ ਵਿਭਾਗ ਦੇ ਅਧਿਆਪਕ ਡਾਕਟਰ ਜਸਵੀਰਾ ਅਨੂਪ ਮਨਿਹਾਸ, ਸ਼੍ਰੀਮਤੀ ਨਵਦੀਪ ਕੌਰ, ਸ਼੍ਰੀਮਤੀ ਪਰਮਿੰਦਰ ਕੌਰ, ਸ੍ਰੀਮਤੀ ਮਮਤਾ ਬੰਸਲ, ਸ਼੍ਰੀਮਤੀ ਰਜਨੀ ਬਾਲਾ, ਸ੍ਰੀਮਤੀ ਮੋਨਿਕਾ, ਡਾ: ਹਰਪ੍ਰੀਤ ਕੌਰ ਅਤੇ ਸ੍ਰੀਮਤੀ ਦੀਕਸ਼ਾ ਸਮਰਾ ਸ਼ਾਮਿਲ ਹੋਏ।

# 16 ਫਰਵਰੀ ਦੀ ਦੇਸ਼-ਵਿਆਪੀ ਹੜਤਾਲ 'ਚ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰਜ਼ ਹੋਣਗੇ ਸ਼ਾਮਲ : ਸਾਂਝਾ ਫਰੰਟ

**ਜਲੰਧਰ/ਹੁਸ਼ਿਆਰਪੁਰ (ਰਜੇਸ਼ ਥਾਪਾ, ਬਲਵੀਰ ਸੈਣੀ)** ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਪ੍ਰਤੀਨਿਧ ਕਰਦਾ "ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ" ਦੀ ਆਨਲਾਈਨ ਮੀਟਿੰਗ ਫਰੰਟ ਦੇ ਕਨਵੀਨਰ ਸਾਥੀ ਰਣਜੀਤ ਸਿੰਘ ਰਾਣਵਾ ਦੀ ਪ੍ਰਧਾਨਗੀ ਹੇਠ ਹੋਈ ।ਮੀਟਿੰਗ ਦੇ ਫੈਸਲੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਸਾਂਝਾ ਫਰੰਟ ਦੇ ਸਮੂਹ ਕਨਵੀਨਰਜ਼ , ਕੋ-ਕਨਵੀਨਰਜ਼ ਅਤੇ ਮੈਂਬਰਜ਼ ਸਰਵ ਸਾਥੀ ਰਣਜੀਤ ਸਿੰਘ ਰਾਣਵਾ, ਸਤੀਸ਼ ਰਾਣਾ, ਜਰਮਨਜੀਤ ਸਿੰਘ, ਸੁਵਿਦੰਰ ਪਾਲ ਸਿੰਘ ਮੋਲੋਵਾਲੀ, ਹਰਭਜਨ ਸਿੰਘ ਪਿਲਖਣੀ, ਗਗਨਦੀਪ ਭੁਲਰ, ਸੁਖਦੇਵ ਸਿੰਘ ਸੈਣੀ, ਬਾਜ ਸਿੰਘ ਖਹਿਰਾ , ਕਰਮ ਸਿੰਘ ਧਨੋਆ, ਭਜਨ ਸਿੰਘ ਗਿੱਲ, ਐਨ.ਕੇ.ਕਲਸੀ., ਜਸਵੀਰ ਸਿੰਘ ਤਲਵਾੜਾ, ਰਾਧੇ ਸ਼ਾਮ, ਗੁਰਮੇਲ ਸਿੰਘ ਮੈਲਡੇ, ਬੋਬਿੰਦਰ ਸਿੰਘ, ਸੁਖਵਿੰਦਰ ਸਿੰਘ ਲਵਲੀ ਅਤੇ ਦਿਗਵਿਜੇ ਪਾਲ ਸ਼ਰਮਾ ਨੇ ਆਖਿਆ ਕਿ ਕੇਂਦਰ ਸਰਕਾਰ ਦੀਆਂ ਮਜ਼ਦੂਰ-ਮੁਲਾਜ਼ਮ ਮਾਰੂ ਨੀਤੀਆਂ ਦੇ ਖਿਲਾਫ ਕੇਂਦਰੀ ਟਰੇਡ ਯੂਨੀਅਨਾ ਅਤੇ ਮੁਲਾਜ਼ਮ ਫੈਡਰੇਸ਼ਨਾਂ ਵਲੋਂ 16 ਫਰਵਰੀ 2024 ਨੂੰ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਵਿੱਚ ਸਾਂਝਾ ਫਰੰਟ ਵਲੋਂ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ । ਆਗੂਆਂ ਆਖਿਆ ਕਿ ਇਹ ਹੜਤਾਲ ਜਿਥੇ ਮਜ਼ਦੂਰ ਦੇ ਮੁਦਿਆ ਨੂੰ ਲੈਕੇ ਕੀਤੀ ਜਾ ਰਹੀ ਹੈ ਉਥੇ ਮੁਲਾਜ਼ਮ ਫੈਡਰੇਸ਼ਨਾਂ ਵਲੋਂ ਇਸ ਗੱਲ ਦੀ ਮੰਗ ਕੀਤੀ ਜਾ ਰਹੀ ਹੈ ਕਿ ਸਮੁੱਚੇ ਦੇਸ਼ ਅੰਦਰ ਪੁਰਾਣੀ ਪੈਨਸ਼ਨ ਬਹਾਲ ਕਰਨ ਹਿੱਤ ਪੈਨਸ਼ਨ ਫੰਡ ਰੈਗੂਲੇਟਰੀ ਡਿਵੈਲਪਮੈਂਟ ਅਥਾਰਟੀ ਕਾਨੂੰਨ ਖਤਮ ਕੀਤਾ ਜਾਵੇ ਅਤੇ ਇਸ ਅਥਾਰਟੀ ਕੋਲ ਸੂਬਾਈ ਮੁਲਾਜ਼ਮਾ ਤੇ ਸਰਕਾਰਾਂ ਦਾ ਪੈਸਾ ਵਾਪਸ ਕੀਤਾ ਜਾਵੇ , ਈ.ਪੀ.ਐਸ. 1995 ਅਧੀਨ ਮੁਲਾਜ਼ਮਾਂ 'ਤੇ ਵੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਹਰ ਤਰ੍ਹਾਂ ਦੇ ਕੱਚੇ, ਆਊਟ ਸੋਰਸ, ਦਿਹਾੜੀਦਾਰ ਸਮੇਤ ਸਿਹਤ ਤੇ ਸਿਖਿਆ ਦੇ ਮੁਲਾਜ਼ਮ ਪੱਕੇ ਕੀਤੇ ਜਾਣ ਅਤੇ ਕੇਂਦਰ/ ਰਾਜ ਸਰਕਾਰੀ ਅਤੇ ਜਨਤਕ ਖੇਤਰ ਦੇ ਅਦਾਰਿਆਂ ਅੰਦਰ ਪਈਆਂ ਖਾਲੀ ਅਸਾਮੀਆਂ ਰੈਗੂਲਰ ਭਰਤੀ ਰਾਹੀਂ




ਭਰੀਆਂ ਜਾਣ, ਮਾਣ ਭੱਤਾ/ ਇਨਸੈਂਟਿਵ ਮੁਲਾਜ਼ਮਾ ਨੂੰ ਵੀ ਰੈਗੂਲਰ ਕੀਤਾ ਜਾਵੇ ਅਤੇ ਘੱਟੋ ਘੱਟ ਉਜਰਤਾਂ ਦਾ ਕਾਨੂੰਨ ਲਾਗੂ ਕੀਤਾ ਜਾਵੇ, ਜਨਤਕ ਖੇਤਰ ਦੇ ਅਦਾਰਿਆਂ ਦਾ ਨਿਜੀਕਰਣ/ ਨਿਗਮੀਕਰਣ ਕਰਨਾ ਬੰਦ ਕੀਤਾ ਜਾਵੇ ਅਤੇ ਸਰਕਾਰੀ ਅਦਾਰਿਆਂ ਦੀ ਅਕਾਰ ਘਟਾਈ ਬੰਦ ਕੀਤੀ ਜਾਵੇ , ਕੰਮ ਦਿਹਾੜੀ 08 ਘੰਟੇ ਬਹਾਲ ਰੱਖੀ ਜਾਵੇ ਅਤੇ ਸਮੁੱਚੇ ਟ੍ਰੇਡ ਯੂਨੀਅਨ ਅਧਿਕਾਰ ਸੁਰੱਖਿਅਤ ਕੀਤੇ ਜਾਣ, ਨਵੀਂ ਸਿਖਿਆ ਨੀਤੀ 2022 ਵਾਪਸ ਲਈ ਜਾਵੇ, ਹਰ ਪੰਜ ਸਾਲ ਬਾਅਦ ਪੇ- ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ ਅਤੇ ਕੇਂਦਰ ਦਾ 08 ਵਾਂ ਤਨਖਾਹ ਕਮਿਸ਼ਨ ਬਠਾਇਆ ਜਾਵੇ, ਕਰੋਨਾ ਸਮੇਂ ਦੌਰਾਨ ਦਾ ਰੋਕਿਆ 18 ਮਹੀਨੇ ਦਾ ਮਹਿਗਾਈ ਭੱਤਾ ਜਾਰੀ ਕੀਤਾ ਜਾਵੇ , ਤਰਸਯੋਗ ਅਧਾਰ ਤੇ ਨੌਕਰੀਆਂ ਤੇ ਲਗਾਈਆਂ ਬੇਲੋੜੀਆਂ ਪਾਬੰਦੀਆਂ/ ਸ਼ਰਤਾ ਤੁਰੰਤ ਹਟਾਈਆਂ ਜਾਣ।ਆਗੂਆਂ ਆਖਿਆ ਕਿ ਇਸ ਤੋਂ ਇਲਾਵਾ ਇਸ ਹੜਤਾਲ ਦੌਰਾਨ ਪੰਜਾਬ ਸਰਕਾਰ ਨਾਲ ਸਬੰਧਤ ਮੰਗਾਂ ਜਿਵੇਂ ਪੈਨਸ਼ਨਰ ਤੇ 2.59 ਗੁਣਾਂਕ ਲਾਗੂ ਕਰਨ, ਤਨਖਾਹ ਕਮਿਸ਼ਨ ਦੇ ਬਕਾਏ, ਮਹਿਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾ, ਤਨਖਾਹ ਕਮਿਸ਼ਨ ਦਾ ਰਹਿੰਦਾ ਹਿਸਾ ਲਾਗੂ ਕਰਵਾਉਣ, ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨ , ਬੰਦ ਕੀਤੇ ਭੱਤੇ ਬਹਾਲ ਕਰਨ , ਪੁਰਾਣੀ ਪੈਨਸ਼ਨ ਬਹਾਲ ਕਰਨ, ਮਾਣ ਭੱਤਾ/ ਇਨਸੈਂਟਿਵ ਦੁਗਣਾ ਕਰਨ, ਪ੍ਰੋਵੇਸ਼ਨਲ ਪੀਰੀਅਡ ਇੱਕ ਸਾਲ ਕਰਨ ਅਤੇ ਇਸ ਸਮੇਂ ਦੌਰਾਨ ਪੂਰੀ ਤਨਖਾਹ ਭੱਤਿਆਂ ਸਮੇਤ ਦੇਣ, ਕੇਂਦਰੀ ਤਨਖਾਹ ਸਕੇਲ ਰੱਦ ਕਰਕੇ ਪੰਜਾਬ ਦੇ ਸਕੇਲ ਲਾਗੂ ਕਰਨ ਆਦਿ ਮੰਗਾ ਨੂੰ ਵੀ ਉਜਾਗਰ ਕੀਤਾ ਜਾਵੇਗਾ ।ਆਗੂਆਂ ਆਖਿਆ ਕਿ ਪੰਜਾਬ ਦੇ ਮੁਲਾਜ਼ਮ 16 ਫਰਵਰੀ ਨੂੰ ਮੁਕਮਲ ਹੜਤਾਲ ਕਰਨ ਉਪਰੰਤ ਪੈਨਸ਼ਨਰਾ ਨੂੰ ਨਾਲ ਲੈਕੇ ਸਾਂਝਾ ਫਰੰਟ ਦੇ ਬੈਨਰ ਥੱਲੇ ਤਹਿਸੀਲ / ਜ਼ਿਲ੍ਹਾ ਕੇਂਦਰਾਂ ਦੇ ਸਮੂਚੀਆਂ ਟ੍ਰੇਡ ਯੂਨੀਅਨਾਂ ਵਲੋਂ ਕੀਤੇ ਜਾਣ ਵਾਲੇ ਸਾਂਝੇ ਐਕਸ਼ਨਾਂ ਵਿੱਚ ਸ਼ਾਮਲ ਹੋ ਕੇ ਸੜਕਾਂ ਜਾਮ ਕਰਨਗੇ ।

ਸਾਂਝਾ ਫਰੰਟ ਦੇ ਆਗੂਆਂ ਆਖਿਆ ਕਿ ਇਸ ਹੜਤਾਲ ਦੀ ਕਾਮਯਾਬੀ ਲਈ ਸਾਂਝਾ ਫਰੰਟ ਦੀ ਵਧਾਈ ਹੋਈ ਕਮੇਟੀ ਦੀ ਮੀਟਿੰਗ 27 ਜਨਵਰੀ ਨੂੰ 11.00 ਵਜੇ ਪੈਨਸ਼ਨਰਜ਼ ਭਵਨ ਲੁਧਿਆਣਾ ਵਿਖੇ ਕੀਤੀ ਜਾਵੇਗੀ ।ਆਗੂਆਂ ਇਹ ਵੀ ਆਖਿਆ ਕਿ ਸਾਂਝਾ ਫਰੰਟ ਦੇ ਪਹਿਲਾਂ ਚੱਲ ਰਹੇ ਸੰਘਰਸ਼ ਤਹਿਤ ਪੰਜਾਬ ਸਰਕਾਰ ਦੇ 92 ਵਿਧਾਇਕਾ ਦੇ ਘਰਾਂ ਅਗੇ ਲਗਾਏ ਜਾ ਰਹੇ ਧਰਨੇ ਲਗਾਤਾਰ ਜਾਰੀ ਰਹਿਣਗੇ। ਇਸ ਮੌਕੇ ਤੀਰਥ ਸਿੰਘ ਬਾਸੀ, ਗੁਰਪ੍ਰੀਤ ਸਿੰਘ ਗੰਡੀਵਿੰਡ, ਧਨਵੰਤ ਸਿੰਘ ਭੱਠਲ, ਐਨ.ਡੀ. ਤਿਵਾੜੀ, ਕਰਮਜੀਤ ਸਿੰਘ ਬੀਹਲਾ, ਸੰਜੀਵ ਕੁਮਾਰ, ਹਰਦੀਪ ਸਿੰਘ ਟੋਡਰਪੁਰ, ਸੁਖਵਿੰਦਰ ਸਿੰਘ ਚਾਹਲ , ਸ਼ਿਵ ਕੁਮਾਰ ਤਿਵਾੜੀ, ਮੱਖਣ ਸਿੰਘ ਵਾਹਿਦਪੁਰੀ ਆਦਿ ਆਗੂ ਸ਼ਾਮਲ ਸਨ ।

# ਅਮਿਟ ਯਾਦਾਂ ਛੱਡਦੇ ਹੋਏ ਲਾਈਟ ਐਂਡ ਸਾਊਂਡ ਪ੍ਰੋਗਰਾਮ ਸਮਾਪਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)**-ਚਾਲੀ ਮੁਕਤਿਆਂ ਦੀ ਸ਼ਹੀਦੀ ਨੂੰ ਨਮਨ ਕਰਦਿਆਂ ਮਾਘੀ ਦੇ ਪਵਿੱਤਰ ਜੋੜ ਮੇਲੇ 'ਤੇ ਗੁਰੂ ਗੋਬਿੰਦ ਸਿੰਘ ਪਾਰਕ ਸ੍ਰੀ ਮੁਕਤਸਰ ਸਾਹਿਬ 'ਚ ਕਰਵਾਇਆ ਗਿਆ ਲਾਈਟ ਐਂਡ ਸਾਊਂਡ ਸ਼ੋਅ 'ਸਰਬੰਸਦਾਨੀ' ਮਹਾਂਨਾਟਕ ਰਾਹੀਂ ਆਪਣੀਆਂ ਅਮਿੱਟ ਯਾਦਾਂ ਛੱਡਦਾ ਸਮਾਪਤ ਹੋਇਆ।ਦੂਜੇ ਤੇ ਆਖਰੀ ਦਿਨ ਦੇ ਸ਼ੋਅ ਦੌਰਾਨ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਡਾ. ਰੂਹੀ ਦੁੱਗ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਡਿਪਟੀ ਕਮਿਸ਼ਨਰ ਨੇ ਇਸ ਮਹਾਂਨਾਟਕ ਨੂੰ ਸਫ਼ਲ ਬਣਾਉਣ ਲਈ ਡਾਇਰੈਕਟਰ, ਪੰਜਾਬ ਆਰਟ ਥੀਏਟਰ ਹਰਬਖਸ਼ ਸਿੰਘ ਲਾਟਾ, ਹਰਸ਼ਵੀਰ ਸਿੰਘ ਲਾਟਾ ਤੇ ਸਾਰੀ ਹੀ ਟੀਮ ਦਾ ਧੰਨਵਾਦ ਕੀਤਾ।ਉਨ੍ਹਾ ਕਿਹਾ ਕਿ ਉਨ੍ਹਾਂ ਵੱਲੋਂ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਜਾ ਰਿਹਾ ਹੈ ਤੇ ਇਲਾਕੇ ਦੇ ਲੋਕਾਂ ਵੱਲੋਂ ਇਸ ਮਹਾਂਨਾਟਕ ਨੂੰ ਬਹੁਤ ਪਸੰਦ ਕੀਤਾ ਹੈ ਅਤੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਸ ਤਰ੍ਹਾਂ ਦੀਆਂ ਇਤਿਹਾਸ ਨਾਲ ਸਬੰਧਤ ਪੇਸ਼ਕਾਰੀਆਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਸਾਡੇ ਗੁਰੂ ਸਾਹਿਬਾਨਾਂ ਦੇ ਇਤਿਹਾਸ ਬਾਰੇ ਜਾਣਕਾਰੀ ਮਿਲ ਸਕੇ।ਇਸ ਮੌਕੇ ਪ੍ਰਧਾਨ ਕੱਚਾ ਆੜ੍ਹਤੀਆ ਐਸੋਸੀਏਸ਼ਨ ਸੁਖਜਿੰਦਰ ਸਿੰਘ ਕਾਕਾ ਉੜਾਂਗ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਜਿਨ੍ਹਾਂ ਨੇ ਪਹਿਲੀ ਵਾਰ ਮਾਘੀ ਦੇ ਮੇਲੇ ਦੌਰਾਨ ਇਸ ਤਰ੍ਹਾਂ ਸ਼ਲਾਘਯੋਗ ਉਪਰਾਲਾ ਕੀਤਾ।

ਇਸ ਮੌਕੇ ਐੱਸ.ਡੀ.ਐੱਮ. ਕੰਵਰਜੀਤ ਸਿੰਘ ਨੇ ਆਈ ਹੋਈ ਸਾਰੀ ਹੀ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਦਸਮਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਸ੍ਰੀ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਬਦਾਵਾ ਪਾੜ ਕੇ ਜੋ ਟੁੱਟੀ ਗੰਢੀ ਦਾ ਪਾਠ ਪੜ੍ਹਾਇਆ ਗਿਆ ਹੈ, ਇਸ 'ਤੇ ਚਲਦਿਆਂ ਸਾਨੂੰ ਆਪਣੇ ਮਾਤਾ-ਪਿਤਾ ਅਤੇ ਸਮਾਜਿਕ ਰਿਸ਼ਤਿਆਂ ਨਾਲ ਮਿਲ ਕੇ ਰਹਿਣਾ ਚਾਹੀਦਾ ਹੈ ਅਤੇ ਹਰ ਦੁੱਖ-ਸੁੱਖ ਵਿੱਚ ਸਾਥ ਦੇਣਾ ਚਾਹੀਦਾ ਹੈ ਅਤੇ ਮਾਤਾ-ਪਿਤਾ ਦੀ ਸੇਵਾ ਕਰਨੀ ਚਾਹੀਦੀ ਹੈ।ਇਸ ਮੌਕੇ ਹਲਕਾ ਇੰਚਾਰਜ ਪਾਰਲੀਮੈਂਟ (ਫਿਰੋਜ਼ਪੁਰ) ਸ੍ਰੀ ਜਗਦੇਵ ਸਿੰਘ ਬਾਂਮ, ਤਹਿਸੀਲਦਾਰ ਸ੍ਰੀ ਮੁਕਤਸਰ ਸਾਹਿਬ ਸ੍ਰੀ ਸੁਖਬੀਰ ਸਿੰਘ ਬਰਾੜ ਤੋਂ ਇਲਾਵਾ ਪਤਪੰਤੇ ਵਿਅਕਤੀ ਹਾਜ਼ਰ ਸਨ।

# ਸਾਂਝੀ ਜ਼ਮੀਨ ਗਲਤ ਤਰੀਕੇ ਨਾਲ ਹੜੱਪਣ ਖ਼ਿਲਾਫ਼ ਸੰਘਰਸ਼ ਵਿੱਢਾਂਗੇ : ਪੰਜਾਬ ਕਿਸਾਨ ਯੂਨੀਅਨ



**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਕਿਸਾਨ ਯੂਨੀਅਨ ਬਲਾਕ ਮਾਨਸਾ ਦੀ ਇੱਕ ਅਹਿਮ ਮੀਟਿੰਗ ਪ੍ਰਧਾਨ ਜਗਤਾਰ ਸਿੰਘ ਸਹਾਰਨਾ ਦੀ ਪ੍ਰਧਾਨਗੀ ਹੇਠ ਬਾਬਾ ਬੂੱਝਾ ਸਿੰਘ ਭਵਨ ਮਾਨਸਾ ਵਿਖੇ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਹੇਠ ਲਿਖੇ ਮਤੇ ਪਾਸ ਕੀਤੇ ਗਏ।26 ਜਨਵਰੀ ਨੂੰ ਸੰਯੁਕਤ ਮੋਰਚੇ ਦੇ ਸੱਦੇ 'ਤੇ 40 ਟਰੈਕਟਰ ਪੰਜਾਬ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਮਾਰਚ ਵਿੱਚ ਸ਼ਾਮਲ ਹੋਣਗੇ।30 ਜਨਵਰੀ ਨੂੰ ਮੌੜ ਆੜ੍ਹਤੀਆ ਖ਼ਿਲਾਫ਼ ਮਾਨਸਾ ਬਲਾਕ ਦਾ ਦੋ ਸੌ ਬੰਦਿਆਂ ਦਾ ਕਾਫ਼ਿਲਾ ਮੌੜ ਪੁਹੰਚੇਗਾ।ਪਿੰਡ ਖਿਆਲਾ ਕਲਾਂ ਦੀ ਪੱਤੀ ਦੀ ਸਾਂਝੀ ਜ਼ਮੀਨ ਚਾਰ ਰਿਟਾਇਰ ਸਰਕਾਰੀ ਮੁਲਾਜ਼ਮਾਂ ਵੱਲੋਂ ਗਲਤ ਤਰੀਕੇ ਨਾਲ ਹੜੱਪਣ ਖ਼ਿਲਾਫ਼ ਸੰਘਰਸ਼ ਕੀਤਾ ਜਾਵੇਗਾ।

ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਆਗੂ ਗੁਰਜੰਟ ਸਿੰਘ ਮਾਨਸਾ ਨੇ ਕਿਹਾ ਕਿ ਬਲਾਕ ਪ੍ਰਧਾਨ ਜਗਤਾਰ ਸਿੰਘ ਸਹਾਰਨਾ ਉੱਤੇ ਹੋਏ ਹਮਲੇ ਖਿਲਾਫ ਮਾਨਸਾ ਸਦਰ ਥਾਣੇ ਵਿੱਚ ਦਰਖਾਸਤ ਦਿੱਤੀ ਸੀ, ਪਰ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ।ਪ੍ਰਸ਼ਾਸਨ ਦੀ ਢਿੱਲੀ ਕਾਰਵਾਈ ਕਰਕੇ 13 ਜਨਵਰੀ ਨੂੰ ਲੋਹੜੀ ਵਾਲੇ ਦਿਨ ਉਕਤ ਬਦਮਾਸ਼ਾਂ ਵੱਲੋਂ ਘਰ ਅੰਦਰ ਵੜ ਕੇ ਹਮਲਾ ਕਰਕੇ ਪਰਿਵਾਰ ਦੇ ਕਈ ਜੀਆਂ ਨੂੰ ਜ਼ਖਮੀ ਕਰ ਦਿੱਤਾ।ਉਨ੍ਹਾ ਕਿਹਾ ਕਿ ਪ੍ਰਸ਼ਾਸਨ ਨੇ ਦੋਸ਼ੀਆਂ ਖਿਲਾਫ ਜੇਕਰ ਪਰਚਾ ਦਰਜ ਨਾ ਕੀਤਾ ਤਾਂ, ਜਲਦੀ ਥਾਣਾ ਸਦਰ ਖ਼ਿਲਾਫ਼ ਸੰਘਰਸ਼ ਕੀਤਾ ਜਾਵੇਗਾ।ਜਸਪਾਲ ਸਿੰਘ ਉੱਭਾ, ਰਣਜੀਤ ਸਿੰਘ ਤਾਮਕੋਟ, ਕਾਨਾ ਸਿੰਘ ਬੁਰਜ ਢਿੱਲਵਾਂ, ਰਾਜ ਸਿੰਘ ਤਮਕੋਟ, ਸੋਮ ਸਿੰਘ ਉੱਭਾ, ਅਜੈਬ ਸਿੰਘ ਨੰਗਲ ਕਲਾਂ, ਅਜੈਬ ਸਿੰਘ ਜਟਾਣਾ, ਵਿੱਕਰ ਸਿੰਘ ਸਦਾ ਸਿੰਘ ਵਾਲਾ, ਬਲਵਿੰਦਰ ਸਿੰਘ ਬੁਰਜ ਹਰੀ, ਜੇਲੀ ਸਿੰਘ ਖਿਆਲਾ ਕਲਾਂ, ਵਕੀਲਾ ਸਿੰਘ ਖਿਆਲਾ ਕਲਾਂ, ਸੁਖਚਰਨ ਸਿੰਘ ਦਾਨੇਵਾਲਆ, ਗੁਰਬਚਨ ਸਿੰਘ ਮਾਨ ਬੀਬੜੀਆ, ਸੰਦੀਪ ਸਿੰਘ ਮਲਕਪੁਰ, ਨਿੱਕਾ ਸਿੰਘ ਭੈਣੀ ਬਾਘਾ, ਲੱਖਾ ਸਿੰਘ ਭੈਣੀ ਬਾਘਾ ਵੀ ਇਸ ਮੀਟਿੰਗ ਵਿੱਚ ਸ਼ਾਮਲ ਹੋਏ।

# ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੀ ਮੀਟਿੰਗ



**ਮੱਖੂ (ਰਛਪਾਲ ਸਿੰਘ ਸੰਧੂ)**-ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੀ ਮੀਟਿੰਗ ਜਥੇਬੰਦੀ ਦੇ ਦਫਤਰ ਵਿੱਚ ਬਲਾਕ ਮੱਲਾਂਵਾਲਾ ਪ੍ਰਧਾਨ ਜਸਕਰਨ ਸਿੰਘ ਨਿਹਾਲਕੇ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੂਬਾ ਆਗੂ ਸੁਖਦੇਵ ਸਿੰਘ ਅਰਾਈਆਂ ਵਾਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੀਟਿੰਗ ਦੌਰਾਨ ਸੰਯੁਕਤ ਕਿਸਾਨ ਮੋਰਚੇ ਵੱਲੋਂ 16 ਜਨਵਰੀ ਨੂੰ ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ ਵਿਖੇ ਰੱਖੀ ਹੋਈ ਕਨਵੈਨਸ਼ਨ ਵਿੱਚ ਹਾਜ਼ਰੀ ਭਰਨ ਲਈ ਪ੍ਰੇਰਿਤ ਕੀਤਾ ਗਿਆ ਤੇ ਕਿਹਾ ਕਿ 26 ਜਨਵਰੀ ਦੀ ਟਰੈਕਟਰ ਪਰੇਡ ਵਿੱਚ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਝੰਡੇ ਹੇਠ ਵੱਡੇ ਕਾਫਲੇ ਵਿੱਚ ਕਿਸਾਨ ਟਰੈਕਟਰ ਲੈ ਕੇ ਮਖੂ ਤੋਂ ਐੱਸ ਡੀ ਐੱਮ ਜ਼ੀਰਾ ਦਫਤਰ ਤੱਕ ਮਾਰਚ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਸੂਬਾ ਆਗੂ ਸੁਖਦੇਵ ਸਿੰਘ ਅਰਾਈਆਂਵਾਲਾ, ਬਲਾਕ ਮੱਲਾਂਵਾਲਾ ਦੇ ਪ੍ਰਧਾਨ ਜਸਕਰਨ ਸਿੰਘ ਨਿਹਾਲਕੇ, ਜਰਮਲ ਸਿੰਘ ਨਿਹਾਲਕੇ, ਜਗਤਾਰ ਸਿੰਘ ਇਕਾਈ ਪ੍ਰਧਾਨ ਜੱਲੇਵਾਲਾ ਗੁਰਪ੍ਰੀਤ ਸਿੰਘ, ਹਰਪਾਲ ਸਿੰਘ, ਦਲੇਰ ਸਿੰਘ ਜੱਲੇਵਾਲਾ, ਰਮਨਦੀਪ ਸਿੰਘ, ਨਵਤੇਜ ਸਿੰਘ ਰਸੂਲਪੁਰ, ਜੱਗਾ ਨੰਗਲ, ਕਾਬਲ ਸਿੰਘ ਲਖਨਪਾਲ, ਰਘਬੀਰ ਸਿੰਘ ਅਮੀਵਾਲਾ, ਮਲਕੀਤ ਸਿੰਘ, ਸ਼ਬੇਗ ਸਿੰਘ, ਗੁਰਚਰਨ ਸਿੰਘ, ਨਿਸ਼ਾਨ ਸਿੰਘ ਸੂਦਾਂ, ਹਰਜਿੰਦਰ ਸਿੰਘ, ਬੂਟਾ ਸਿੰਘ, ਗੁਰਦੇਵ ਸਿੰਘ ਅਰਾਈਆਂਵਾਲਾ, ਸੌਰਵ ਚੋਪੜਾ, ਗੁਰਮੀਤ ਸਿੰਘ ਕੱਚਰਭੰਨ ਆਦਿ ਹਾਜ਼ਰ ਸਨ।

# ਮਰਹੂਮ ਗਨੇਸ਼ਾ ਰਾਮ ਦੀ ਬਰਸੀ ਮੌਕੇ ਖ਼ੂਨਦਾਨ ਕੈਂਪ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਮਾਜ ਸੇਵੀ ਸੰਸਥਾ ਸ੍ਰੀ ਦੁਰਗਾ ਦਲ ਸੇਵਾ ਸੰਮਤੀ ਪ੍ਰਧਾਨ ਮਦਨ ਲਾਲ ਨਵਾਂਗਾਓਂ ਤੇ ਸ਼ਿਵ ਕੁਮਾਰ ਜਿੰਦਲ ਦੀ ਅਗਵਾਈ ਵਿੱਚ ਦੁਰਗਾ ਦਲ ਸੇਵਾ ਸੰਮਤੀ ਹਸਪਤਾਲ ਵਿੱਚ ਸਮਾਜ ਸੇਵਕ ਮਰਹੂਮ ਸ੍ਰੀ ਗਣੇਸ਼ਾ ਰਾਮ ਗਰਗ ਦੀ 11ਵੀਂ ਬਰਸੀ ਮੌਕੇ ਗਰਗ ਪਰਿਵਾਰ ਵੱਲੋਂ ਉਨ੍ਹਾਂ ਦੀ ਯਾਦ 'ਚ ਖ਼ੂਨਦਾਨ ਤੇ ਮੁਫਤ ਮੈਡੀਕਲ ਚੈੱਕਅਪ ਕੈਂਪ ਲਾਇਆ ਗਿਆ, ਜਿਸ ਵਿੱਚ ਪਾਰਕ ਹਸਪਤਾਲ ਪਟਿਆਲਾ ਤੋਂ ਪਹੁੰਚੀ ਡਾਕਟਰਾਂ ਦੀ ਟੀਮ ਵੱਲੋਂ 100 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਇਸ ਕੈਂਪ 'ਚ ਵਿਸ਼ੇਸ਼ ਤੌਰ 'ਤੇ ਐੱਸ ਡੀ ਐੱਮ ਪਾਤੜਾਂ ਨਵਦੀਪ ਕੁਮਾਰ ਨੇ ਸ਼ਮੂਲੀਅਤ ਕਰਦਿਆਂ ਸੰਸਥਾ ਵੱਲੋਂ ਕੀਤੇ ਜਾ ਰਹੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਨੌਜਵਾਨਾਂ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਨਰੇਸ਼ ਕੁਮਾਰ ਐੱਮ ਡੀ ਪਾਤੜਾਂ ਫੂਡਜ਼, ਸੰਜੇ ਕੁਮਾਰ ਐੱਮ ਡੀ ਸਤਨਾਮ ਸੋਲਵੇਕਸ, ਜਸਵਿੰਦਰ ਡਿੰਪਲ ਸੀਨੀਅਰ ਮੈਂਬਰ, ਰਾਜਿੰਦਰ ਕੁਮਾਰ, ਹਰਮੇਸ਼ ਕੁਮਾਰ, ਸਰਿੰਦਰ ਕੁਮਾਰ, ਮੋਹਿਤ ਕੁਮਾਰ, ਜਸਪਾਲ ਸਿੰਗਲਾ, ਰਾਮਦੀਆ, ਸੋਹਣ ਲਾਲ ਕਾਕਾ ਤੇ ਸਮੂਹ ਸਟਾਫ ਮੌਜੂਦ ਸੀ।

# ਅੱਤੇਵਾਲੀ ਕੈਂਪ 'ਚ 70 ਤੋਂ ਵੱਧ ਬਕਾਇਆ ਇੰਤਕਾਲ ਦਰਜ




**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਨਿਰਦੇਸ਼ਾਂ 'ਤੇ ਅਮਲ ਕਰਦਿਆਂ ਮਾਲ ਵਿਭਾਗ ਵਲੋਂ ਦੂਜਾ ਕੈਂਪ ਲਗਾ ਕੇ ਬਕਾਇਆ ਪਏ ਇੰਤਕਾਲ ਦਰਜ ਕੀਤੇ ਗਏ। ਇਸ ਮੌਕੇ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਕੈਂਪ ਦਾ ਨਿਰੀਖਣ ਕਰਨ ਲਈ ਅੱਤੇਵਾਲੀ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਜਿੱਥੇ ਤਹਿਸੀਲਦਾਰ ਫਤਿਹਗੜ੍ਹ ਸਾਹਿਬ ਤੋਂ ਇੰਤਕਾਲਾਂ ਦਾ ਵੇਰਵਾ ਲਿਆ, ਉੱਥੇ ਹੀ ਇੰਤਕਾਲ ਦਰਜ ਕਰਾਉਣ ਵਾਲੇ ਲੋਕਾਂ ਨੂੰ ਮਿਲੇ ਅਤੇ ਉਨ੍ਹਾਂ ਤੋਂ ਫੀਡਬੈਕ ਲਈ।ਇਸ ਮੌਕੇ ਉਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਹਲਕੇ 'ਚ ਅੱਜ ਸਬ-ਤਹਿਸੀਲ ਚਨਾਰਥਲ ਕਲਾਂ ਅਤੇ ਅੱਤੇਵਾਲੀ ਪਟਵਾਰਖਾਨਾ ਵਿਖੇ ਕੈਂਪ ਲਗਾ ਕੇ ਲੋਕਾਂ ਨੂੰ ਰਾਹਤ ਦਿੱਤੀ ਗਈ ਅੱਤੇਵਾਲੀ ਵਿਖੇ ਲਗਾਏ ਕੈਂਪ ਦੇ ਦੌਰਾਨ 70 ਤੋਂ ਵੱਧ ਲੋਕਾਂ ਨੇ ਇੰਤਕਾਲ ਦਰਜ ਕਰਵਾਇਆ । ਇਸ ਤੋਂ ਪਹਿਲਾਂ ਜੋ ਕੈਂਪ ਲਗਾਇਆ ਗਿਆ ਸੀ ਉਸ 'ਚ ਵੀ 90 ਲੋਕਾਂ ਵੱਲੋਂ ਕੈਂਪ ਦਾ ਲਾਭ ਲਿਆ ਗਿਆ ਸੀ। ਰਾਏ ਨੇ ਦੱਸਿਆ ਕਿ ਮਾਲ ਵਿਭਾਗ ਦੀਆਂ ਸੇਵਾਵਾਂ ਲੋਕਾਂ ਤੱਕ ਸੁਚਾਰੂ ਤਰੀਕੇ ਨਾਲ ਪਹੁੰਚਾਉਣ ਲਈ ਇਹ ਵਿਸ਼ੇਸ਼ ਕੈਂਪ ਲਗਾਏ ਗਏ ਹਨ ਤਾਂ ਜੋ ਜ਼ਿਲ੍ਹਾ ਵਾਸੀਆਂ ਦੇ ਕਾਫੀ ਸਮੇਂ ਤੋਂ ਲੰਬਿਤ ਪਏ ਇੰਤਕਾਲ ਦਰਜ ਕਰਵਾਉਣ ਦੇ ਕੇਸਾਂ ਨੂੰ ਨੇਪਰੇ ਚਾੜ੍ਹਿਆ ਜਾ ਸਕੇ।

# ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਨਗਰ ਕੀਰਤਨ ਸਜਾਇਆ

**ਜਗਰਾਉਂ (ਅਮਿਤ ਖੰਨਾ)**-ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਿਹਾੜੇ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀਗੇਟ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ 'ਚ ਸਜਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਫੁੱਲਾਂ ਨਾਲ ਸੁਸ਼ੋਭਿਤ ਸੁੰਦਰ ਪਾਲਕੀ ਵਿੱਚ ਬਿਰਾਜ਼ਮਾਨ ਕੀਤਾ ਗਿਆ। ਇਸ ਨਗਰ ਕੀਰਤਨ ਵਿੱਚ ਸਾਬਕਾ ਵਿਧਾਇਕ ਐੱਸ ਆਰ ਕਲੇਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਭਾਈ ਗੁਰਚਰਨ ਸਿੰਘ ਗਰੇਵਾਲ, ਨਗਰ ਕੌਂਸਲ ਦੇ ਕਾਰਜਕਾਰੀ ਪ੍ਰਧਾਨ ਅਮਰਜੀਤ ਸਿੰਘ ਮਾਲਵਾ, ਕੌਂਸਲਰ ਸਤੀਸ਼ ਕੁਮਾਰ ਪੱਪੂ, ਬਲਾਕ ਕਾਂਗਰਸ ਦੇ ਸਾਬਕਾ ਪ੍ਰਧਾਨ ਰਵਿੰਦਰ ਕੁਮਾਰ ਸੱਭਰਵਾਲ ਫੀਨਾ, ਆਪ ਆਗੂ ਕੁਲਵਿੰਦਰ ਸਿੰਘ ਕਾਲਾ ਅਤੇ ਵੱਖ-ਵੱਖ ਰਾਜਨੀਤਕ ਪਾਰਟੀ ਦੇ ਆਗੂਆਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਨੇ ਹਾਜ਼ਰੀ ਲਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿੱਚ ਨਤਮਸਤਕ ਹੁੰਦਿਆਂ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਜਾਏ ਗਏ ਵਿਸ਼ਾਲ ਨਗਰ ਕੀਰਤਨ ਦੀ ਸ਼ੋਭਾ ਬਣਾਉਣ ਲਈ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਤੇ ਗਤਕਾ ਪਾਰਟੀਆਂ ਨੇ ਆਪਣੇ ਗਤਕੇ ਦੇ ਜੌਹਰ ਦਿਖਾਏ। ਗੁਰੂ ਸਾਹਿਬ ਦੇ ਚਰਨਾਂ ਵਿੱਚ ਆਪਣੀ ਹਾਜਰੀ ਲਗਵਾਉਣ ਪਹੁੰਚੇ ਨਗਰ ਕੌਂਸਲ ਦੇ ਕਾਰਜਕਾਰੀ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਨੇ ਦੱਸਿਆ ਕਿ ਨਗਰ ਕੌਂਸਲ ਜਗਰਾਉਂ ਵੱਲੋਂ ਜਲਦ ਹੀ ਜਗਰਾਉਂ ਵਿਖੇ ਸਥਿਤ ਕਮਲ ਚੌਂਕ ਦਾ ਨਾਮ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਰੱਖਣ ਲਈ ਨਗਰ ਕੌਂਸਲ ਦੀ ਇਸ ਹਾਊਸ ਦੀ ਮੀਟਿੰਗ ਵਿੱਚ ਮਤਾ ਪਾਸ ਕਰ ਦਿੱਤਾ ਜਾਵੇਗਾ। ਉਨ੍ਹਾ ਦੱਸਿਆ ਕਿ ਇਸ ਸੰਬੰਧੀ ਉਨ੍ਹਾਂ ਵੱਲੋਂ ਹਲਕਾ ਜਗਰਾਉਂ ਦੀ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂਕੇ ਨਾਲ ਵੀ ਰਾਬਤਾ ਕਾਇਮ ਕਰ ਵਿਚਾਰ ਵਟਾਂਦਰਾ ਕੀਤਾ ਗਿਆ ਹੈ। ਵਿਧਾਇਕਾ ਬੀਬੀ ਮਾਣੂਕੇ ਨੇ ਵੀ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਹਿਮਤੀ ਜਤਾਉਂਦਿਆਂ ਕਿਹਾ ਕਿ ਇਸ ਤੋਂ ਵੱਡੀ ਹੋਰ ਖੁਸ਼ੀ ਦੀ ਕੀ ਗੱਲ ਹੋ ਸਕਦੀ ਹੈ ਕਿ ਕਮਲ ਚੌਂਕ ਦਾ ਨਾਮ ਬਦਲ ਕੇ ਸਰਬੰਸ ਦਾਨੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਰੱਖਿਆ ਜਾਵੇ। ਇਸ ਮੌਕੇ ਬਾਬਾ ਮੋਹਨ ਸਿੰਘ ਸੱਗੂ, ਬਿੰਦਰ ਮਨੀਲਾ, ਅਕਾਲੀ ਦਲ ਸਰਕਲ ਜਥੇਦਾਰ ਇੰਦਰਜੀਤ ਸਿੰਘ ਲਾਂਬਾ, ਸਰਪੰਚ ਸ਼ਿਵਰਾਜ ਸਿੰਘ, 'ਆਪ' ਆਗੂ ਕੁਲਵਿੰਦਰ ਸਿੰਘ ਕਾਲਾ, ਠੇਕੇਦਾਰ ਹਰਵਿੰਦਰ ਸਿੰਘ ਚਾਵਲਾ, ਅਜੀਤ ਸਿੰਘ ਠੁਕਰਾਲ, ਪੱਪੂ ਭੰਡਾਰੀ, ਸਾਬਕਾ ਬਲਾਕ ਪ੍ਰਧਾਨ ਰਵਿੰਦਰ ਸੱਭਰਵਾਲ, ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਕਾਰਵਾਈ ਨਾ ਹੋਣ 'ਤੇ ਅਵਾਰਾ ਪਸ਼ੂ 28 ਨੂੰ ਐੱਸ ਡੀ ਐੱਮ ਦਫਤਰ ਛੱਡਾਂਗੇ : ਬਾਲਿਓਂ

## ਬੀ ਕੇ ਯੂ ਕਾਦੀਆਂ ਨੇ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ



**ਸਮਰਾਲਾ (ਸੁਰਜੀਤ ਸਿੰਘ)**

ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਬਲਾਕ ਸਮਰਾਲਾ ਤੇ ਮਾਛੀਵਾੜਾ ਵੱਲੋਂ ਮੋਹਣ ਸਿੰਘ ਬਾਲਿਓਂ ਬਲਾਕ ਪ੍ਰਧਾਨ ਮਾਛੀਵਾੜਾ ਤੇ ਬਹਾਦਰ ਸਿੰਘ ਰੋਹਲੇ ਸੀਨੀ: ਮੀਤ ਪ੍ਰਧਾਨ ਬਲਾਕ ਸਮਰਾਲਾ ਦੀ ਅਗਵਾਈ ਹੇਠ ਐੱਸ. ਡੀ. ਐੱਮ. ਸਮਰਾਲਾ ਨੂੰ ਮੰਗ ਪੱਤਰ ਦਿੱਤਾ ਗਿਆ। ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਅਵਾਰਾ ਪਸ਼ੂ, ਜੋ ਕਿਸਾਨਾਂ ਦੀ ਫਸਲਾਂ ਦਾ ਕਾਫੀ ਨੁਕਸਾਨ ਕਰ ਰਹੇ ਹਨ ਅਤੇ ਇਨ੍ਹਾਂ ਅਵਾਰਾ ਪਸ਼ੂਆਂ ਨਾਲ ਸੜਕਾਂ 'ਤੇ ਵੀ ਕਾਫੀ ਐਕਸੀਡੈਂਟ ਹੁੰਦੇ ਹਨ, ਜਿਸ ਨਾਲ ਬੇਸ਼ਕੀਮਤੀ ਜਾਨਾਂ ਅਜਾਈਂ ਜਾ ਰਹੀਆਂ ਹਨ। ਮੰਗ ਪੱਤਰ ਵਿੱਚ ਬਲਾਕ ਮਾਛੀਵਾੜਾ ਤੇ ਸਮਰਾਲਾ ਅਧੀਨ ਪੈਂਦੇ ਪਿੰਡ ਗੜ੍ਹੀ ਤਰਖਾਣਾ, ਸਹਿਜੋ ਮਾਜਰਾ, ਪਵਾਤ, ਬਾਲਿਓਂ, ਮੁਸ਼ਕਾਬਾਦ, ਖੀਰਨੀਆਂ, ਬੌਂਦਲੀ, ਘੁੰਗਰਾਲੀ ਸਿੱਖਾਂ, ਸਰਵਰਪੁਰ, ਰੋਹਲੇ, ਮੱਲ ਮਾਜਰਾ, ਸੰਗਤਪੁਰਾ, ਘੁਲਾਲ, ਢੰਡੇ, ਨੀਲੋਂ ਆਦਿ ਪਿੰਡਾਂ ਵਿੱਚ ਅਵਾਰਾ ਪਸ਼ੂ ਵੱਡੀ ਗਿਣਤੀ ਫਿਰ ਰਹੇ, ਜਿਸ ਕਾਰਨ ਸਖਤ ਸਰਦੀ ਵਿੱਚ ਕਿਸਾਨ ਰਾਤਾਂ ਨੂੰ ਆਪਣੀਆਂ ਫਸਲਾਂ ਦੀ ਰਖਵਾਲੀ ਲਈ ਖੇਤਾਂ ਵਿੱਚ ਬੈਠਣਾ ਪੈਂਦਾ ਹੈ। ਇਹ ਅਵਾਰਾ ਪਸ਼ੂ ਝੁੰਡਾ ਵਿੱਚ ਫਿਰਦੇ ਹਨ ਅਤੇ ਖੇਤਾਂ ਵਿੱਚ ਖੜੀ ਕਣਕ ਦੀ ਫਸਲ ਤੇ ਸਬਜ਼ੀਆਂ ਦਾ ਵੱਡੇ ਪੱਧਰ 'ਤੇ ਕਿਸਾਨਾਂ ਦਾ ਆਰਥਿਕ ਨੁਕਸਾਨ ਕਰ ਰਹੇ ਹਨ। ਮੰਗ ਪੱਤਰ ਵਿੱਚ ਸਮਰਾਲਾ ਪ੍ਰਸ਼ਾਸਨ ਨੂੰ ਚਿਤਾਵਨੀ ਵੀ ਦਿੱਤੀ ਗਈ ਕਿ ਜੇਕਰ 28 ਜਨਵਰੀ ਤੱਕ ਸਮਰਾਲਾ ਪ੍ਰਸ਼ਾਸਨ ਵੱਲੋਂ ਇਨ੍ਹਾਂ ਅਵਾਰਾ ਪਸ਼ੂਆਂ ਦੇ ਹੱਲ ਸਬੰਧੀ ਕੋਈ ਕਦਮ ਨਾ ਚੁੱਕੇ ਤਾਂ 30 ਜਨਵਰੀ ਨੂੰ ਬੀ. ਕੇ. ਯੂ. (ਕਾਦੀਆਂ) ਵੱਲੋਂ ਵੱਡੇ ਪੱਧਰ 'ਤੇ ਅਵਾਰਾ ਪਸ਼ੂਆਂ ਨੂੰ ਫੜ ਕੇ ਐੱਸ. ਡੀ. ਐੱਮ. ਸਮਰਾਲਾ ਦੇ ਅਹਾਤੇ ਵਿੱਚ ਛੱਡਿਆ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਸਮਰਾਲਾ ਪ੍ਰਸ਼ਾਸਨ ਦੀ ਹੋਵੇਗੀ। ਮੰਗ ਪੱਤਰ ਦੇਣ ਮੌਕੇ ਉਪਰੋਕਤ ਤੋਂ ਇਲਾਵਾ ਦਰਸ਼ਨ ਸਿੰਘ ਰੋਹਲੇ, ਕੁਲਦੀਪ ਸਿੰਘ ਗੜ੍ਹੀ ਤਰਖਾਣਾ ਮੀਤ ਪ੍ਰਧਾਨ, ਗੁਰਜੀਤ ਸਿੰਘ ਮੀਤ ਪ੍ਰਧਾਨ, ਨਵਦੀਪ ਸਿੰਘ ਬੌਂਦਲੀ, ਮਨਪ੍ਰੀਤ ਸਿੰਘ ਰੋਹਲੇ, ਹਰਬੰਸ ਸਿੰਘ ਮੁਸ਼ਕਾਬਾਦ, ਬਲਵੰਤ ਸਿੰਘ ਸਹਿਜੋ ਮਾਜਰਾ, ਮੱਘਰ ਸਿੰਘ ਘੁੰਗਰਾਲੀ ਸਿੱਖਾਂ, ਸਤਵੀਰ ਸਿੰਘ ਸਰਵਰਪੁਰ ਮੀਤ ਪ੍ਰਧਾਨ, ਰਜਿੰਦਰ ਸਿੰਘ ਬਾਲਿਓਂ, ਜਗਜੀਤ ਸਿੰਘ ਸਹਿਜੋਮਾਜਰਾ, ਸੋਹਣਜੀਤ ਸਿੰਘ ਸਹਿਜੋ ਮਾਜਰਾ, ਭੋਲਾ ਸਿੰਘ ਸਹਿਜੋਮਾਜਰਾ, ਨੇਤਰ ਸਿੰਘ ਉਟਾਲਾਂ, ਗੋਗਾ ਸਿੰਘ ਸਰਵਰਪੁਰ, ਲਵਪ੍ਰੀਤ ਸਿੰਘ ਬਾਲਿਓਂ ਆਦਿ ਹਾਜ਼ਰ ਸਨ।

# ਮਾਲਵਾ ਕਾਲਜ ਦਾ ਬੀ ਐੱਡ ਦਾ ਨਤੀਜਾ ਸ਼ਾਨਦਾਰ



**ਸਰਦੂਲਗੜ੍ਹ (ਅਵਤਾਰ ਜਟਾਣਾ)**

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮਈ 2023 ਵਿੱਚ ਕਰਵਾਈ ਗਈ ਬੀ. ਐੱਡ ਭਾਗ ਪਹਿਲਾ ਦੇ ਸਮੈਸਟਰ ਦੂਜੇ ਦੀ ਪ੍ਰੀਖਿਆ ਦਾ ਨਤੀਜਾ ਐਲਾਨਿਆ ਗਿਆ।ਹਰ ਵਾਰ ਵਾਂਗ ਇਸ ਸਾਲ ਵੀ ਸਰਦੂਲਗੜ੍ਹ ਏਰੀਏ ਦੀ ਉਚੇਰੀ ਤਕਨੀਕੀ ਸਿੱਖਿਆ ਦੀ ਸੁਪ੍ਰਸਿੱਧ ਸੰਸਥਾ ਮਾਲਵਾ ਗਰੁੱਪ ਆਫ ਕਾਲਜਿਜ਼ ਸਰਦੂਲੇਵਾਲਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ ਅਤੇ ਬੀ ਐੱਡ ਦੀਆਂ ਵਿਦਿਆਰਥਣਾਂ ਨੇ 80 ਫ਼ੀਸਦੀ ਤੋਂ ਵੀ ਵੱਧ ਅੰਕ ਲੈ ਕੇ ਸੰਸਥਾ ਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ।ਇਸ ਪ੍ਰੀਖਿਆ ਵਿੱਚੋਂ ਜੋਤੀ ਨੇ 81 ਪ੍ਰਤੀਸ਼ਤ ਅੰਕ ਲੈ ਕੇ ਪਹਿਲੀ, ਅਰਸ਼ਦੀਪ ਨੇ 80.20 ਪ੍ਰਤੀਸ਼ਤ ਅੰਕ ਲੈ ਕੇ ਦੂਜੀ ਤੇ ਸੰਦੀਪ ਨੇ 79.40 ਪ੍ਰਤੀਸ਼ਤ ਅੰਕ ਲੈ ਕੇ ਤੀਸਰੀ ਪੁਜ਼ੀਸ਼ਨ ਹਾਸਲ ਕੀਤੀ।ਇਨ੍ਹਾਂ ਵਧੀਆ ਨਤੀਜਿਆਂ ਵਿੱਚ ਉੱਤਮ ਕਾਰਗੁਜ਼ਾਰੀ ਨੂੰ ਦੇਖਦਿਆਂ ਵਿਦਿਆਰਥਣਾਂ ਦੇ ਮਾਪਿਆਂ ਵਿੱਚ ਖ਼ੁਸ਼ੀ ਪਾਈ ਜਾ ਰਹੀ ਹੈ।ਸੰਸਥਾ ਦੇ ਚੇਅਰਮੈਨ ਜਤਿੰਦਰ ਸਿੰਘ ਸੋਢੀ ਨੇ ਲੜਕੀਆਂ ਦੀ ਇਸ ਮਾਣਮੱਤੀ ਸਫਲਤਾ 'ਤੇ ਉਨ੍ਹਾਂ ਦੇ ਮਾਪਿਆਂ ਤੇ ਸਟਾਫ ਨੂੰ ਵਧਾਈ ਦਿੰਦਿਆਂ ਕਿਹਾ ਕਿ ਭਵਿੱਖ ਵਿੱਚ ਵੀ ਲੜਕੀਆਂ ਦੀ ਸ਼ਖ਼ਸੀਅਤ ਦੇ ਸਰਵਪੱਖੀ ਵਿਕਾਸ ਲਈ ਕਾਲਜ ਵਿੱਚ ਅਕਾਦਮਿਕ ਤੇ ਸਹਿ-ਅਕਾਦਮਿਕ ਸਰਗਰਮੀਆਂ ਨੂੰ ਹੋਰ ਵਧਾਉਣ 'ਤੇ ਜ਼ੋਰ ਦਿੱਤਾ ਜਾਵੇਗਾ।ਮੈਨੇਜਿੰਗ ਡਾਇਰੈਕਟਰ ਰਾਜ ਸੋਢੀ, ਪ੍ਰਿੰਸੀਪਲ ਡਾ. ਮਨਜਿੰਦਰ ਸੈਨੀ ਨੇ ਵੀ ਲੜਕੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸੰਸਥਾ ਵਿਖੇ ਲੜਕੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਸਮਾਜਿਕ ਕਦਰਾਂ ਕੀਮਤਾਂ 'ਤੇ ਪਹਿਰਾ ਦੇਣ ਦੀ ਪ੍ਰੇਰਣਾ ਵੀ ਦਿੱਤੀ ਜਾਂਦੀ ਹੈ।ਸਟਾਫ ਵੱਲੋਂ ਲੜਕੀਆਂ ਨੂੰ ਵਧਾਈ ਦੇਣ ਮੌਕੇ ਅਸਿਸਟੈਂਟ ਪ੍ਰੋਫੈਸਰ ਬਲਜੀਤ ਪਾਲ ਸਿੰਘ, ਗੁਰਦੀਪ ਸਿੰਘ, ਜਸਪਾਲ ਕੌਰ, ਰਕਸ਼ਾ ਰਾਣੀ, ਸਿੰਬਲਪਾਲ ਕੌਰ, ਰੇਖਾ ਰਾਣੀ, ਮਨਦੀਪ ਕੌਰ, ਆਸ਼ੂ ਸਿੰਗਲਾ ਹਾਜ਼ਰ ਸਨ।

